# ਇਕੱਲਾ ਨਹੀਂ ਹੁੰਦਾ ਬੰਦਾ
(ਕਾਵਿ-ਸੰਗ੍ਰਹਿ)



Academy of the Punjab in North America: http://www.apnaorg.com

**ਇਸ ਤੋਂ ਪਹਿਲਾਂ –**

ਕਵਿਤਾ ਦੀ ਇਬਾਰਤ (ਕਾਵਿ-ਸੰਗ੍ਰਹਿ) – 2008



Academy of the Punjab in North America: http://www.apnaorg.com

# ਇਕੱਲਾ ਨਹੀਂ ਹੁੰਦਾ ਬੰਦਾ

(ਕਾਵਿ-ਸੰਗ੍ਰਹਿ)

**ਗਗਨ ਦੀਪ ਸ਼ਰਮਾ**



Academy of the Punjab in North America: http://www.apnaorg.com

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi Poetry*

ISBN : 978-93-5068-271-5
Price : 200/-

**Ikalla Nahin Hunda Banda**
***by***
**Gagan Deep Sharma**

V P O Rampur, Distt Ludhiana, Punjab-141418
gagan.is.sharma@gmail.com

2013
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan, Ludhiana
email: unistarbooks@gmail.com
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2013*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



Academy of the Punjab in North America: http://www.apnaorg.com

## ਸਮਰਪਣ

ਉਸ ਸਭ ਕਾਸੇ ਦੇ ਨਾਂ

ਜਿਸਦੇ ਹੁੰਦਿਆਂ

ਕਦੇ ਵੀ

ਇਕੱਲਾ ਨਹੀਂ ਹੋਇਆ ਮੈਂ



Academy of the Punjab in North America: http://www.apnaorg.com

Academy of the Punjab in North America: http://www.apnaorg.com

# ਸੱਚਮੁੱਚ, ਇਕੱਲਾ ਨਹੀਂ ਹੁੰਦਾ ਬੰਦਾ

ਮੇਰੀ ਪਹਿਲੀ ਕਾਵਿ-ਪੁਸਤਕ 'ਕਵਿਤਾ ਦੀ ਇਬਾਰਤ' (2008) ਨੂੰ ਪ੍ਰਕਾਸ਼ਿਤ ਹੋਇਆਂ ਪੰਜ ਵਰ੍ਹੇ ਹੋ ਚੱਲੇ ਹਨ। ਮੈਂਨੂੰ ਕਵਿਤਾ ਦੇ ਰੂਪ ਵਿਚ ਅੱਖਰ ਵਾਹੁੰਦਿਆਂ ਇਕ ਦਹਾਕਾ ਹੋਣ ਨੂੰ ਆਇਆ ਹੈ। ਇਸ ਸਮੇਂ ਦੌਰਾਨ ਅੰਦਰ-ਬਾਹਰ ਬਹੁਤ ਕੁਝ ਵਾਪਰਦਾ ਰਿਹਾ। ਮੇਰੀ ਸਵੈ ਇਹਨਾਂ ਸਭ ਵਰਤ-ਵਰਤਾਰਿਆਂ ਦੀ ਗਵਾਹ ਬਣਦੀ ਰਹੀ।

ਪਿਛਲੇ ਵਰ੍ਹਿਆਂ ਦੌਰਾਨ ਪੜ੍ਹੇ, ਸਮਝੇ, ਲਿਖੇ, ਤੇ ਜਿਊਂਏ ਸਾਹਿਤ ਤੋਂ ਇਹ ਗੱਲ ਸਪਸ਼ਟ ਹੋ ਰਹੀ ਹੈ ਕਿ ਸਵੈ, ਪਰਿਵਾਰ, ਸਮਾਜ ਅਤੇ ਕੁਦਰਤ ਦੀ ਸਹਿ-ਹੋਂਦ ਰੂਪੀ ਸਮਝ 'ਚੋਂ ਸਾਹਿਤ ਉਗਮਦਾ ਹੈ। ਸਾਹਿਤ-ਰਚਨਾ ਬਾਹਰਲੇ ਮਾਹੌਲ ਵਿਚ ਵਾਪਰਦੀਆਂ ਘਟਨਾਵਾਂ ਅਤੇ ਆਪਣੇ ਅੰਦਰ ਚੱਲਦੀਆਂ ਕ੍ਰਿਆਵਾਂ (ਜਿਵੇਂ ਕਿ ਇੱਛਾਵਾਂ, ਵਿਚਾਰ, ਆਸ਼ਾਵਾਂ) ਤੋਂ ਵੱਖ ਹੋ ਕੇ ਨਹੀਂ ਵਿਚਰਦੀ। ਸਾਹਿਤ-ਰਚਨਾ ਤਾਂ ਸਗੋਂ ਇਹਨਾਂ ਦੋਵਾਂ ਤਰ੍ਹਾਂ ਦੀਆਂ ਘਟਨਾਵਾਂ/ਕ੍ਰਿਆਵਾਂ ਦਾ ਪ੍ਰਭਾਵ ਕਬੂਲਦੀ ਵੀ ਹੈ ਅਤੇ ਇਹਨਾਂ ਨੂੰ ਪ੍ਰਭਾਵਿਤ ਵੀ ਕਰਦੀ ਹੈ। ਇਹਨਾਂ ਸਭ ਘਟਨਾਵਾਂ/ਕ੍ਰਿਆਵਾਂ ਦਾ ਪ੍ਰਭਾਵ ਕਬੂਲਦਾ ਅਤੇ ਇਹਨਾਂ ਨੂੰ ਪ੍ਰਭਾਵਿਤ ਕਰਦਾ ਸਾਹਿਤਕਾਰ ਨਿਸ਼ਚਿਤ ਹੀ ਇਕੱਲਾ ਨਹੀਂ ਹੁੰਦਾ।

ਕਵਿਤਾ ਮੈਂਨੂੰ ਕੇਵਲ ਮਨੋਰੰਜਨ ਦਾ ਸਾਧਨ ਨਹੀਂ ਜਾਪਦੀ। ਮੇਰੀ ਜਾਚੇ ਕਵਿਤਾ ਨੇ ਬੰਦੇ ਦੇ ਆਲੇ-ਦੁਆਲੇ ਵਾਲੇ ਮਾਹੌਲ ਦੀਆਂ ਬਾਰੀਕੀਆਂ ਨੂੰ ਠੀਕ ਤਰੀਕੇ ਨਾਲ ਡੀਕੋਡ (decode) ਕਰਕੇ ਉਸ ਦੇ ਵਿਅਕਤੀ ਵਿਸ਼ੇਸ਼ ਉੱਤੇ ਪ੍ਰਭਾਵ ਨੂੰ ਸਮਝਣਯੋਗ ਅਤੇ ਮਾਨਣਯੋਗ ਰੂਪ ਵਿਚ ਪੇਸ਼ ਕਰਨਾ ਹੈ। ਇਉਂ ਕਵਿਤਾ ਮੂਲ ਰੂਪ ਵਿਚ ਸਵੈ-ਜਾਗ੍ਰਿਤੀ ਤੇ ਸਵੈ-ਵਿਕਾਸ ਤੋਂ ਲੈ ਕੇ ਸਮਾਜਿਕ ਜਾਗ੍ਰਿਤੀ ਤੇ ਸਮਾਜਿਕ-ਵਿਕਾਸ ਦਾ ਸਾਧਨ ਹੈ। ਇਸ ਸਭ ਨੂੰ ਸਮਝ ਕੇ ਹੀ ਸ਼ਾਇਰ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ। ਇਸ ਜ਼ਿੰਮੇਵਾਰੀ ਨੂੰ ਸਵੀਕਾਰਦਿਆਂ ਸ਼ਾਇਰ ਨੂੰ ਇਹ ਵੀ ਖ਼ਿਆਲ ਰੱਖਣਾ ਪੈਂਦਾ ਹੈ ਕਿ ਕਵਿਤਾ 'ਚੋਂ ਕਵਿਤਾ ਨਾ ਮਰੇ। ਕਮਾਲ ਦੀ ਗੱਲ ਇਹ ਵੀ ਹੈ ਕਿ ਜਿਉਂ-ਜਿਉਂ ਇਹ ਸਭ ਸਮਝ ਆਉਂਦਾ ਹੈ, ਤਿਉਂ-ਤਿਉਂ ਕਵਿਤਾਕਾਰੀ ਹੋਰ ਵਧੇਰੇ ਆਨੰਦ-ਦਾਇਕ ਹੁੰਦੀ ਜਾਂਦੀ ਹੈ।

ਬਤੌਰ ਸ਼ਾਇਰ, ਆਪਣੀਆਂ ਇਹਨਾਂ ਸਭ ਜ਼ਿੰਮੇਵਾਰੀਆਂ ਦਾ ਅਹਿਸਾਸ ਵੀ ਹੋ ਰਿਹਾ ਹੈ ਅਤੇ ਸੰਪੂਰਨ ਅਸਤਿਤਵ ਵਿਚ ਸਾਹਿਤ ਦੀ ਭੂਮਿਕਾ ਵੀ ਸਮਝ ਆ ਰਹੀ ਹੈ। ਯਤਨ ਤਾਂ ਇਹੋ ਹੈ ਕਿ ਇਹ ਭੂਮਿਕਾ ਨਿਭਾ ਪਾਵਾਂ। 'ਇਕੱਲਾ ਨਹੀਂ ਹੁੰਦਾ ਬੰਦਾ' ਦਾ ਕਾਵਿ ਵੀ ਇਸੇ ਯਤਨ ਦੇ ਰੂਪ ਵਿਚ ਤੁਹਾਡੇ ਸਾਹਵੇਂ ਆਇਆ ਹੈ।

*ਗਗਨ ਦੀਪ ਸ਼ਰਮਾ*



Academy of the Punjab in North America: http://www.apnaorg.com

# ਅਤੀਤ ਦੀ ਖੋਜ ਤੇ ਭਵਿੱਖ ਦੀ ਕਲਪਨਾ ਦਾ ਕਾਵਿ – 'ਇਕੱਲਾ ਨਹੀਂ ਹੁੰਦਾ ਬੰਦਾ'

ਅਜੋਕੇ ਦੌਰ ਵਿਚ ਜਦੋਂ ਕਿ ਕਵਿਤਾ ਦੀ ਸਮਾਜਿਕ ਉਪਯੋਗਿਤਾ ਉੱਪਰ ਸੁਆਲੀਆ ਨਿਸ਼ਾਨ ਲਗਾਇਆ ਜਾ ਰਿਹਾ ਹੈ, ਗਗਨ ਦੀਪ ਸ਼ਰਮਾ ਦੀ ਕਵਿਤਾ ਇਹ ਅਹਿਸਾਸ ਕਰਵਾਉਂਦੀ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਇਸ ਯੁਗ ਵਿਚ ਕਵਿਤਾ ਦਾ ਮਹੱਤਵ ਹੋਰ ਵੀ ਵਧ ਗਿਆ ਹੈ। ਕਵਿਤਾ ਦੀ ਸ਼ਕਤੀ ਨੂੰ ਤਕਨਾਲੋਜੀ ਦੇ ਦਬਦਬੇ ਅਤੇ ਇਸ ਦੀ ਵੰਗਾਰ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ।

ਤਕਨਾਲੋਜੀ ਨੇ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਆਪਣੀ ਜਕੜ ਵਿਚ ਲੈ ਲਿਆ ਹੈ। ਇਸਦੇ ਪ੍ਰਭਾਵਾਂ ਅਧੀਨ ਸਾਡੀ ਸੋਚ ਤਬਦੀਲ ਹੋ ਰਹੀ ਹੈ ਅਤੇ ਇਕ ਅਜਿਹੀ ਵਿਸ਼ਵ-ਦ੍ਰਿਸ਼ਟੀ ਇਸਦੀ ਥਾਂ ਲੈ ਰਹੀ ਹੈ ਜਿਸ ਵਿਚ ਸਮਾਜਿਕ ਕਦਰਾਂ-ਕੀਮਤਾਂ ਵਾਸਤੇ ਕੋਈ ਥਾਂ ਹੀ ਨਹੀਂ। ਸਰਮਾਏ ਦੀ ਹਵਸ ਅਧੀਨ ਤਕਨਾਲੋਜੀ ਨੇ ਸਭ ਕਾਸੇ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲ ਲਿਆ ਹੈ। ਹਰ ਵਸਤੂ ਅਤੇ ਸੇਵਾ ਨੂੰ ਉਸਦੇ ਕੁਦਰਤੀ ਅਤੇ ਸਮਾਜਿਕ ਸੰਦਰਭ ਵਿਚੋਂ ਬਾਹਰ ਕੱਢ ਕੇ ਇਕ ਸੋਮੇ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ ਤਾਂ ਜੋ ਉਸ ਨੂੰ ਕਿਸੇ ਵੀ ਰੂਪ ਵਿਚ ਵਰਤਿਆ ਜਾਂ ਐਕਸਚੇਂਜ ਕੀਤਾ ਜਾ ਸਕੇ। ਹਰ ਕਾਸੇ ਦਾ ਵਿਅਕਤੀਗਤ ਮੁੱਲ ਹੈ, ਸਮਾਜਿਕ ਜਾਂ ਨੈਤਿਕ ਮੁੱਲ ਕਾਸੇ ਦਾ ਵੀ ਨਹੀਂ ਰਿਹਾ। ਅੱਛਾਈ, ਭਲਾਈ, ਨੇਕਨੀਤੀ, ਸਦਾਚਾਰ, ਨਿਆਂ ਆਦਿ ਬਾਰੇ ਸਾਂਝੀ ਦ੍ਰਿਸ਼ਟੀ ਪੈਦਾ ਕਰਨ ਲਈ ਸੋਚ-ਵਿਚਾਰ ਦਾ ਕੋਈ ਪਲੈਟਫਾਰਮ ਹੀ ਨਹੀਂ ਰਿਹਾ।

ਇਸ ਚਰਚਾ ਨੂੰ ਧਿਆਨ ਵਿਚ ਰੱਖਦੇ ਹੋਏ ਜਦੋਂ ਗਗਨ ਦੀਪ ਦੀਆਂ ਕਵਿਤਾਵਾਂ 'ਫ੍ਰੈਂਚ-ਫ੍ਰਾਈਜ਼' ਅਤੇ 'ਜੜ੍ਹਾਂ' ਪੜ੍ਹਦੇ ਹਾਂ ਤਾਂ ਹੇਠ ਲਿਖੇ ਤੱਤ ਸਾਹਮਣੇ ਆਉਂਦੇ ਹਨ –

1. ਵੀਕ-ਐਂਡ 'ਤੇ ਸ਼ਹਿਰ ਦੇ ਵੱਡੇ ਰੈਸਤਾਂ ਵਿਚ ਬੈਠ ਕੇ ਫੈਂਚ-ਫ੍ਰਾਈਜ਼ ਖਾਣ ਦਾ ਸਬੰਧ ਭੁੱਖ ਦੀ ਤ੍ਰਿਪਤੀ ਨਾਲ ਨਹੀਂ ਰਿਹਾ, ਸਟੇਟਸ-ਸਿੰਬਲ ਨਾਲ ਜੁੜ ਗਿਆ ਹੈ;
2. ਬਚਪਨ ਦੇ ਸਾਥੀਆਂ ਨਾਲ ਮੇਲੇ ਵਿਚ ਨੱਚਦੇ-ਗਾਉਂਦਿਆਂ ਰਲ-ਮਿਲ ਕੇ ਆਲੂ ਦੇ ਪਕੌੜੇ ਖਾਣ ਦੀ ਯਾਦ ਅਤੇ ਦਾਦੀ ਦੁਆਰਾ ਦੱਸੀਆਂ ਬਾਪੂ ਦੇ ਮਿੱਤਰ-ਬੇਲੀਆਂ ਦੀਆਂ ਮਹਿਫ਼ਿਲਾਂ ਉਸ ਨੂੰ ਅਹਿਸਾਸ ਕਰਵਾਉਂਦੀਆਂ ਹਨ ਕਿ ਅੱਜ ਭਾਈਚਾਰਕਤਾ ਅਤੇ ਸਾਂਝੀਦਾਰੀ ਦੀ ਥਾਂ ਵਿਅਕਤੀਵਾਦ ਦਾ ਹੀ ਬੋਲਬਾਲਾ ਹੈ;
3. ਕਵਿਤਾ ਵਿਚ ਭੁੱਖ-ਪਿਆਸ ਨਾਲ ਘੁਲਦੇ ਨਿੱਕੇ ਬੱਚੇ ਦੇ ਪ੍ਰਵੇਸ਼ ਨਾਲ



Academy of the Punjab in North America: http://www.apnaorg.com

ਉਸ ਨੂੰ ਸਮਝ ਪੈਂਦੀ ਹੈ ਕਿ ਵਰਤਮਾਨ ਸਮਿਆਂ ਵਿਚ ਸਮਾਜਿਕ ਜ਼ਿੰਮੇਵਾਰੀ ਨਾਂ ਦੀ ਕੋਈ ਚੀਜ਼ ਬਚੀ ਹੀ ਨਹੀਂ;

4. ਆਪਣੇ ਸਭ ਤੋਂ ਪਿਆਰੇ ਦੋਸਤ ਨੂੰ ਘਰ ਰੱਖਣ ਦੀ ਥਾਂ ਪੰਜ-ਸਿਤਾਰਾ ਹੋਟਲ ਵਿਚ ਰੱਖਣ ਦੀ ਘਟਨਾ ਸਪਸ਼ਟ ਕਰਦੀ ਹੈ ਕਿ ਮਿਲ ਬੈਠਣ ਦੀਆਂ ਭਾਈਚਾਰਕ ਥਾਵਾਂ ਸਹਿਯੋਗ ਦੀ ਥਾਂ ਵਿਅਕਤੀਗਤ ਦਿਖਾਵੇ ਅਤੇ ਪ੍ਰਤੀਯੋਗ ਦੀਆਂ ਥਾਵਾਂ ਬਣ ਗਈਆਂ ਹਨ ਅਤੇ ਘਰ-ਪਰਿਵਾਰ ਨਿੱਜਤਾ ਤੱਕ ਸੀਮਤ ਹੋ ਗਏ ਹਨ;
5. ਸ਼ਹਿਰ ਵਾਲੀ ਭਰਜਾਈ ਦਾ ਵਿਵਹਾਰ ਦੱਸਦਾ ਹੈ ਕਿ ਵਿਅਕਤੀਗਤ ਹਿਤਾਂ ਨੇ ਸਾਂਝੇ ਮੁੱਲਾਂ/ਅਰਥਾਂ ਦੇ ਉਤਪਾਦਨ ਨੂੰ ਨਿਰ-ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ ਹੈ;
6. ਮਾਂ-ਬਾਪ ਅਤੇ ਬੱਚਿਆਂ ਦੇ ਵੱਖੋ-ਵੱਖਰੇ ਟੀਵੀ, ਪਸੰਦੀਦਾ ਪ੍ਰੋਗਰਾਮ ਅਤੇ ਖਾਣ-ਪੀਣ ਦੀਆਂ ਆਦਤਾਂ ਆਦਿ ਰਾਹੀਂ ਬਿਖਰ ਰਹੇ ਪਰਿਵਾਰ ਇਸ ਗੱਲ ਦੀ ਗਵਾਹੀ ਹਨ ਕਿ ਤਕਨਾਲੋਜੀ ਦੇ ਨਿਰੰਤਰ ਵਿਕਾਸ ਅਤੇ ਫੈਲਾਅ ਨੇ ਅੰਤਰ-ਹਉਂਵਾਦੀ (ਇੰਟਰਸਬਜੈਕਟਿਵ) ਰਿਸ਼ਤਿਆਂ ਨੂੰ ਪਾਰ-ਹਉਂਵਾਦੀ (ਟਰਾਂਸਸਬਜੈਕਟਿਵ) ਰਿਸ਼ਤਿਆਂ ਵਿਚ ਤਬਦੀਲ ਕਰਕੇ ਭਾਈਚਾਰਕਤਾ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਜਾਂ ਫ਼ਿਰ ਇਸਦੀ ਹੋਂਦ ਹੀ ਮਿਟਾ ਦਿੱਤੀ ਹੈ।

ਅਸੀਂ ਇਕ ਐਸੀ ਸਥਿਤੀ ਵੱਲ ਵਧ ਰਹੇ ਹਾਂ ਜਿਥੇ ਮਨੁੱਖ ਅਤੇ ਮਨੁੱਖ ਦੀ ਕਿਰਤ ਨੂੰ ਉਸਦੀ ਈਕਾਲੋਜੀ, ਭਾਈਚਾਰੇ, ਸੰਸਕ੍ਰਿਤੀ, ਰਿਸ਼ਤੇ-ਨਾਤਿਆਂ, ਸਵੈ-ਪ੍ਰਗਟਾਵਿਆਂ, ਕਦਰਾਂ-ਕੀਮਤਾਂ ਅਤੇ ਮੁੱਲ ਪ੍ਰਬੰਧਾਂ ਨਾਲੋਂ ਤੋੜ ਕੇ ਇਸ ਸਭ ਕਾਸੇ ਸਮੇਤ ਮੰਡੀ ਦੇ ਮਾਲ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਇਸਦੀ ਨਿਖੇਧੀ ਵੀ ਹੋ ਰਹੀ ਹੈ ਪਰ ਜਿੰਨੀ ਵੱਡੀ ਪੱਧਰ 'ਤੇ ਇਸ ਤਕਨਾਲੋਜੀ ਅਧਾਰਿਤ ਪੂੰਜੀਵਾਦੀ ਪ੍ਰਬੰਧ ਦੀ ਨਿਖੇਧੀ ਹੋ ਰਹੀ ਹੈ, ਓਨੀ ਹੀ ਤੇਜ਼ੀ ਨਾਲ ਇਹ ਬਿਮਾਰੀ ਫੈਲਦੀ ਵੀ ਜਾ ਰਹੀ ਹੈ।

ਮਸਲਾ ਕੇਵਲ ਵਿਸਥਾਪਨਾ ਦਾ ਹੀ ਨਹੀਂ, ਪੁਨਰਸਥਾਪਨਾ ਦਾ ਵੀ ਹੈ। ਆਪਣੀ ਅਤੇ ਆਪਣੇ ਸੰਸਾਰ ਦੀ ਇਸ ਤਕਨੀਕੀ ਸੰਸਾਰ ਤੋਂ ਮੁਕਤੀ ਹੀ ਬਹੁਤ ਨਹੀਂ, ਇਕ ਨਵੇਂ ਸੰਸਾਰ ਦੀ ਸਿਰਜਣਾ, ਜਿਸ ਵਿਚ ਉਹ ਸਭ ਕੁਝ ਜੋ ਮਰ ਰਿਹਾ ਸੀ, ਨਵੇਂ ਸੰਦਰਭਾਂ ਵਿਚ ਮੁੜ ਤੋਂ ਜੀਵੰਤ ਹੋ ਜਾਵੇ, ਹੋਰ ਵੀ ਜ਼ਰੂਰੀ ਹੋ ਜਾਂਦੀ ਹੈ। ਨਵੇਂ ਸੰਸਾਰ ਦੀ ਸਿਰਜਣਾ ਤੋਂ ਮੁਰਾਦ ਹੈ ਪੁਰਾਣੇ ਸੰਸਾਰ ਦਾ ਨਵੇਂ ਸੰਸਾਰ ਵਿਚ ਰੂਪਾਂਤਰਣ। ਹਰ ਖਿੱਤੇ ਦਾ ਇਤਿਹਾਸਕ ਤਬਦੀਲੀ ਵਿਚ ਬੱਝਿਆ ਹੋਇਆ ਆਪਣਾ ਹੀ ਸੰਸਾਰ ਹੁੰਦਾ ਹੈ। ਸੰਸਾਰ ਤੋਂ ਅਰਥ ਹੈ ਉਸ ਖਿੱਤੇ ਵਿਚ ਪ੍ਰਾਪਤ ਚਿਹਨੀਕਰਣ ਦੀਆਂ ਪ੍ਰਕਿਰਿਆਵਾਂ ਦਾ ਖੇਤਰ (ਫ਼ੀਲਡ)। ਇਹ ਵੱਖਰੀ ਗੱਲ ਹੈ ਕਿ ਤਕਨਾਲੋਜੀ ਅਧਾਰਿਤ ਵਿਸ਼ਵ ਸਰਮਾਏ ਦਾ ਸੰਸਾਰ ਸਥਾਨਕ ਸੰਸਾਰਾਂ ਨੂੰ ਆਪਣੇ ਹੀ ਰੰਗ ਵਿਚ ਰੰਗਣ ਵਿਚ ਲੱਗਾ ਹੋਇਆ ਹੈ। ਪਰ ਆਪਣੀ ਪਹਿਚਾਣ ਬਣਾਈ ਰੱਖਣ



Academy of the Punjab in North America: http://www.apnaorg.com

ਲਈ ਇਹਨਾਂ ਵੰਨ-ਸੁਵੰਨੇ ਰੰਗਾਂ ਦੀ ਚਾਹਤ ਅਤੇ ਕੋਸ਼ਿਸ਼ ਵੀ ਛੁਪੀ ਹੋਈ ਨਹੀਂ। ਚਿਹਨੀਕਰਣ ਦੀਆਂ ਪ੍ਰਕਿਰਿਆਵਾਂ ਰੂਪੀ ਇਹਨਾਂ ਕੋਸ਼ਿਸ਼ਾਂ ਦੇ ਸਮਾਨੰਤਰ ਸਹਿਯੋਗ ਵਿਚੋਂ ਹੀ ਨਵੇਂ ਸੰਸਾਰ ਨੇ ਜਨਮ ਲੈਣਾ ਹੈ।

ਸੰਸਾਰ ਬਣਿਆ ਬਣਾਇਆ ਨਹੀਂ ਮਿਲਦਾ, ਧਰਤੀ ਵਿਚੋਂ ਨਿਰਮਿਤ ਕਰਨਾ ਪੈਂਦਾ ਹੈ - ਸ਼ਬਦਾਂ, ਸੁਰਾਂ, ਅੰਕਾਂ, ਰੰਗਾਂ ਅਤੇ ਸੰਕੇਤਾਂ ਦੇ ਕੰਮ ਰਾਹੀਂ। ਇਹ ਕੰਮ ਜਿਥੇ ਧਰਤੀ ਨੂੰ ਸੰਸਾਰ ਵਿਚ ਤਬਦੀਲ ਕਰਦਾ ਹੈ, ਉਥੇ ਮਨੁੱਖ ਦੇ ਸੰਸਕ੍ਰਿਤਕ ਰੂਪ ਨੂੰ ਵੀ ਵਿਕਸਿਤ ਕਰਦਾ ਹੈ। ਇਸ ਕੰਮ ਰਾਹੀਂ ਹੀ ਸੰਸਾਰ ਅਤੇ ਮਨੁੱਖ ਇਕ ਦੂਸਰੇ ਨੂੰ ਪ੍ਰਗਟ/ਵਿਕਸਿਤ ਕਰਦੇ ਰਹਿੰਦੇ ਹਨ। ਇਹ ਕੰਮ ਭਾਵੇਂ ਸਾਰੀਆਂ ਕਲਾਵਾਂ ਕਰਦੀਆਂ ਹਨ, ਪਰ ਸਾਂਝੇ ਅਰਥਾਂ ਦੀ ਇਹ ਰੌਸ਼ਨੀ ਪੈਦਾ ਕਰਨ ਦੀ ਪ੍ਰਮੁੱਖ ਜ਼ਿੰਮੇਵਾਰੀ ਸ਼ਬਦ ਹੀ ਨਿਭਾਉਂਦਾ ਆ ਰਿਹਾ ਹੈ। ਸਾਨੂੰ ਉਹੋ ਦਿਖਾਈ ਦਿੰਦਾ ਹੈ, ਜੋ ਸ਼ਬਦ ਦਿਖਾਉਂਦਾ ਹੈ। ਤੇ ਉਹ ਲੁਕਿਆ ਰਹਿ ਜਾਂਦਾ ਹੈ, ਜੋ ਸ਼ਬਦ ਛੁਪਾ ਲੈਂਦਾ ਹੈ। ਸੱਚ ਤਾਂ ਬਹੁਤ ਹੋਣਗੇ ਪਰ ਪ੍ਰਗਟ ਉਹੋ ਹੁੰਦਾ ਹੈ, ਹੋ ਸ਼ਬਦ ਪ੍ਰਗਟ ਕਰਦਾ ਹੈ। ਸ਼ਬਦ ਤੋਂ ਭਾਵ ਹੈ ਸ਼ਬਦ ਨਾਲ ਜੁੜੀਆਂ ਕਲਾਵਾਂ ਦੀ ਭਾਈਚਾਰਕ/ਸਮਾਜਿਕ ਪ੍ਰੈਕਟਿਸ। ਕਵਿਤਾ ਕੁਝ ਦੱਸਦੀ ਨਹੀਂ, ਦਿਖਾਉਂਦੀ ਹੈ। ਪ੍ਰਗਟ ਕਰਦੀ ਹੈ - ਮਨੁੱਖ ਨੂੰ ਉਸਦੇ ਸੰਸਾਰ ਅੱਗੇ ਅਤੇ ਸੰਸਾਰ ਨੂੰ ਉਸਦੇ ਮਨੁੱਖ ਅੱਗੇ। ਇਸ ਤਰ੍ਹਾਂ ਕਵਿਤਾ ਰਾਹੀਂ ਦੋਵੇਂ ਇਕ ਦੂਸਰੇ ਨੂੰ ਪ੍ਰਗਟ/ਵਿਕਸਿਤ ਕਰਦੇ ਰਹਿੰਦੇ ਹਨ। ਆਪਣੀਆਂ ਕਵਿਤਾਵਾਂ 'ਬਿਰਖ਼, ਮਨੁੱਖ ਤੇ ਕਵਿਤਾ', 'ਬੱਸ ਦੀ ਖਿੜਕੀ 'ਚੋਂ ਦਿਸਦਾ ਜੀਵਨ', 'ਇਉਂ ਵੀ ਮਿਲਦੀ ਹੈ ਕਵਿਤਾ', 'ਕਵਿਤਾ ਦੀ ਆਮਦ', 'ਕਵਿਤਾ', ਆਦਿ ਵਿਚ ਗਗਨ ਦੀਪ ਇਹੋ ਕੁਝ ਕਹਿ ਰਿਹਾ ਹੈ।

ਕਵਿਤਾ 'ਬੱਸ ਦੀ ਖਿੜਕੀ 'ਚੋਂ ਦਿਸਦਾ ਜੀਵਨ' ਵਿਚ ਸ਼ਾਇਰ ਦੱਸਦਾ ਹੈ ਕਿ ਹਰ ਮੂਡ, ਹਰ ਵਿਚਾਰ ਕਵਿਤਾ ਨਹੀਂ ਕਹਿੰਦਾ। ਕਵੀ ਮੁਤਾਬਿਕ ਖੁਸ਼ੀ ਅਤੇ ਗ਼ਮੀਂ ਦੀ ਰੌਸ਼ਨੀ ਵਿਚ ਅਸੀਂ ਰੋਜ਼-ਮੱਰਾ ਦੀ ਜ਼ਿੰਦਗੀ ਨੂੰ ਵੱਖ-ਵੱਖ ਰੂਪਾਂ ਵਿਚ ਦੇਖਦੇ ਰਹਿੰਦੇ ਹਾਂ। ਪਰ ਇਸਦੇ ਉਲਟ ਕਵਿਤਾ ਦੀ ਰੌਸ਼ਨੀ ਵਿਚ ਅਸੀ ਰੋਜ਼-ਮੱਰਾ ਦੀ ਜ਼ਿੰਦਗੀ ਨੂੰ ਕੇਵਲ ਦੇਖਦੇ ਹੀ ਨਹੀਂ, ਰੀਕੰਸਟਰਕਟ ਵੀ ਕਰਦੇ ਹਾਂ। ਕੇਵਲ ਵਿਸਥਾਪਨਾ ਹੀ ਨਹੀਂ ਕਰਦੇ, ਗ਼ਮੀਂ ਦੇ ਪਲਾਂ ਨੂੰ ਖੁਸ਼ੀ ਦੇ ਪਲਾਂ ਵਿਚ ਤਬਦੀਲ ਕਰਨ ਲਈ ਇਸਦੀ ਪੁਨਰਸਥਾਪਨਾ ਵੀ ਕਰਦੇ ਹਾਂ। ਕਵਿਤਾ ਦਾ ਸ਼ਬਦ ਕੇਵਲ ਨਿਆਂ-ਅਨਿਆਂ ਜਾਂ ਠੀਕ-ਗਲਤ ਦਾ ਫੈਸਲਾ ਹੀ ਨਹੀਂ ਕਰਦਾ, ਅਨਿਆਂ ਅਤੇ ਗ਼ਲਤ ਵਿਰੁੱਧ ਜੰਗ ਵੀ ਛੇੜਦਾ ਹੈ। 'ਸਿਮਰਤੀਆਂ ਦੇ ਪਰਛਾਵੇਂ' ਕਵਿਤਾ ਪੜ੍ਹ ਕੇ ਸਪਸ਼ਟ ਹੋ ਜਾਂਦਾ ਹੈ ਕਿ ਅਨਿਆਂ ਅਤੇ ਗ਼ਲਤ ਵਿਰੁੱਧ ਹੀ ਨਹੀਂ, ਖੜ੍ਹੋਤ ਵਿਚ ਫਸੀ ਬੇਹੀ ਹੋ ਰਹੀ ਜ਼ਿੰਦਗੀ ਵਿਰੁੱਧ ਵੀ ਸੰਘਰਸ਼ ਛੇੜਨ ਦੀ ਲੋੜ ਹੈ। 'ਸ਼ਹਿਰ, ਫੈਂਟੇਸੀ ਤੇ ਪਿੰਡ' ਕਵਿਤਾ ਇਹ ਸਪਸ਼ਟ ਕਰ ਦਿੰਦੀ ਹੈ ਕਿ ਇਹ ਸੰਘਰਸ਼ ਏਅਰਕੰਡੀਸ਼ਨਡ ਕਮਰਿਆਂ ਵਿਚ ਅਤੀਤ ਦੇ ਪਰਛਾਵੇਂ ਲਟਕਾ ਕੇ ਨਹੀਂ, ਜੀਵੀ ਜਾ ਰਹੀ ਜ਼ਿੰਦਗੀ ਦੀ ਪੁਨਰਸਥਾਪਨਾ ਰਾਹੀਂ ਸ਼ਬਦ ਨਾਲ ਲੜਿਆ ਜਾਣਾ ਹੈ। ਪਰਛਾਵਿਆਂ ਨੂੰ ਤਾਂ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ, ਪਰ ਅਤੀਤ ਨੂੰ ਬਿਲਕੁਲ



Academy of the Punjab in North America: http://www.apnaorg.com

ਨਹੀਂ ਕਿਉਂਕਿ ਪੁਨਰਸਥਾਪਨਾ ਅਤੀਤ ਨਾਲੋਂ ਟੁੱਟੇ ਹੋਏ ਕਿਸੇ ਕਲਪਿਤ ਚਿੱਤਰ ਦੇ ਰੂਪ ਵਿਚ ਪੇਸ਼ ਨਹੀਂ ਹੁੰਦੀ, ਅਤੀਤ ਨੂੰ ਭਵਿੱਖ ਵਿਚ ਰੂਪਾਂਤ੍ਰਿਤ ਕਰਨ ਵਾਲੀ ਬਿਰਤਾਂਤਕਾਰੀ ਰਾਹੀਂ ਨੇਪਰੇ ਚੜ੍ਹਦੀ ਹੈ। ਭਵਿੱਖ ਦੇ ਨਿਰਮਾਣ ਦੀ ਯੋਜਨਾ ਨੂੰ ਜਨੈਟਿਕ/ਇਤਿਹਾਸਕ ਬਿਰਤਾਂਤ ਵਿਚ ਕਿਉਂ ਅਤੇ ਕਿਵੇਂ ਬੰਨ੍ਹਣਾ ਹੈ, ਇਹ ਗਗਨ ਦੀਪ ਦੀ ਬਹੁਤ ਹੀ ਖ਼ੂਬਸੂਰਤ ਕਵਿਤਾ 'ਹੋਂਦ ਵਿਚ ਪੁਰਖ਼ੇ' ਦੀ ਧਿਆਨੀ ਪੜ੍ਹਤ ਰਾਹੀਂ ਸਮਝਿਆ ਜਾ ਸਕਦਾ ਹੈ। ਬਿਰਤਾਂਤਕਾਰੀ ਵਿਗਿਆਨ ਨਹੀਂ, ਗਗਨ ਦੀਪ ਦੇ ਕਹਿਣ ਮੁਤਾਬਿਕ ਅਤੀਤ ਦੀ ਖੋਜ ਤੋਂ ਲੈ ਕੇ ਭਵਿੱਖ ਦੀ ਕਲਪਨਾ ਤੱਕ ਫੈਲੀਆਂ ਜੀਵਨ ਘਟਨਾਵਾਂ ਨੂੰ ਨਜ਼ਮੀਅਤ ਦੇ ਧਾਗੇ ਵਿਚ ਪਰੋਣ ਦੀ ਕਲਾਕਾਰੀ ਹੈ।

ਗਗਨ ਦੀਪ ਸ਼ਰਮਾ ਦੀ ਇਸ ਪੁਸਤਕ ਵਿਚੋਂ ਜਦ ਇਹ ਲੱਭਣ ਦੀ ਕੋਸ਼ਿਸ਼ ਕਰਦੇ ਹਾਂ ਕਿ ਉਹ ਕਿਹੜਾ ਫ਼ਿਕਰ ਹੈ ਜੋ ਉਸਦੇ ਨਵੇਂ ਸੰਸਾਰ ਦੀ ਸਿਰਜਣਾ ਦਾ ਆਧਾਰ ਬਣਦਾ ਹੈ ਤਾਂ ਉਸਦੀਆਂ 'ਪਾਈਨ-ਬੀਟਲ - 2' ਵਿਚਲੀਆਂ ਉਹ ਸਤਰਾਂ ਸਾਹਮਣੇ ਆ ਜਾਂਦੀਆਂ ਹਨ ਜਿਹਨਾਂ ਵਿਚ ਉਹ ਆਖਦਾ ਹੈ ਕਿ ਹਰਿਆਵਲ ਖਾਣ ਵਾਲੇ ਕੀੜੇ ਜੇ ਹਰਿਆਵਲ ਨਹੀਂ ਖਾਣਗੇ ਤਾਂ ਕਿਵੇਂ ਜੀਣਗੇ। ਜੇ ਹਰਿਆਵਲ ਨਾ ਰਹੀ ਤਾਂ ਵੀ ਉਹ ਕਿਵੇਂ ਜੀਣਗੇ। ਅਸੀਂ ਸ਼ਿੱਦਤ ਨਾਲ ਜੀਣਾ ਚਾਹੁੰਦੇ ਹਾਂ, ਪਰ ਜੀਣ ਦੀ ਇੱਛਾ ਹੀ ਜ਼ਿੰਦਗੀ ਨੂੰ ਖਾ ਰਹੀ ਹੈ। ਜੀਣ ਦੇ ਅਮਲ ਵਿਚ ਹੀ ਮੌਤ ਛੁਪੀ ਹੋਈ ਹੈ। ਮਨੁੱਖ ਉਸੇ ਟਾਹਣ ਨੂੰ ਕੱਟ ਰਿਹਾ ਹੈ, ਜਿਸ ਉੱਤੇ ਉਹ ਬੈਠਾ ਹੋਇਆ ਹੈ। 'ਜਿਊਂਦਿਆਂ ਵਰਗਾ ਹੋਣਾ', 'ਪਲਾਂ ਵਿਚ ਸਿਮਟੀ ਜ਼ਿੰਦਗੀ', 'ਮੰਦੀ, ਵਾਸ਼ਿੰਗਟਨ, ਬਰਨੀ ਤੇ ਪੌਲ' ਇਸੇ ਕਸ਼ਮਕਸ਼ ਵਿਚੋਂ ਪੈਦਾ ਹੋਈਆਂ ਕਵਿਤਾਵਾਂ ਹਨ।

ਇਸ ਸੁਆਲ ਨੂੰ ਖੋਜਦੇ-ਖੋਜਦੇ ਕਿ ਕੀ ਮੁਹੱਬਤ ਜ਼ਿੰਦਗੀ ਵਿਚ ਮੌਜੂਦ ਇਸ ਹਿੰਸਾ ਦਾ ਬਦਲ ਬਣ ਸਕਦੀ ਹੈ, 'ਤੇਰੇ ਤੋਂ ਪਾਰ' ਅਤੇ 'ਇੱਕ ਪਲ ਦਾ ਜੀਵਨ' ਵਰਗੀਆਂ ਕਵਿਤਾਵਾਂ ਇਸ ਸਮਝ ਵੱਲ ਲੈ ਜਾਂਦੀਆਂ ਹਨ ਕਿ ਮੁਹੱਬਤ ਉਸ ਵਿਧਾ ਦਾ ਨਾਮ ਹੈ ਜਿਸ ਰਾਹੀਂ ਪਰਿਵਾਰ ਵਿਚ ਹਾਵੀ ਧਿਰ (ਮਰਦ) ਕਮਜ਼ੋਰ ਧਿਰ (ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ) ਨੂੰ ਦਬਾਉਣ ਦੀ ਪ੍ਰਵਾਨਗੀ ਹਾਸਲ ਕਰਦਾ ਹੈ। ਮੁਹੱਬਤ ਵਿਚ ਆਸ਼ਕ ਕੇਵਲ ਮਾਸ਼ੂਕ ਦੀ ਹੀ ਚੋਣ ਨਹੀਂ ਕਰਦਾ, ਮੁੱਲਾਂ ਅਤੇ ਗੁਣਾਂ ਦੀ ਵੀ ਚੋਣ ਕਰਦਾ ਹੈ ਜੋ ਵਰਜਨਾ 'ਤੇ ਟਿਕੀ ਹੋਈ ਹਿੰਸਾ ਹੀ ਹੈ। ਜ਼ਿੰਦਗੀ ਅਤੇ ਹਿੰਸਾ ਦੇ ਇਸ ਅਮੁੱਕ ਸੰਘਰਸ਼ ਵਿਚੋਂ ਹੀ ਮਾਨਵਤਾ ਦਾ ਬਿਰਤਾਂਤ ਵਿਗਸਦਾ ਹੈ। ਇਸ ਬਿਰਤਾਂਤ ਦੇ ਅਗਲੇ ਮੋੜ 'ਤੇ ਅਰਥਸ਼ੀਲਤਾ ਦੀ ਇਕ ਅਜਿਹੀ ਸਪੇਸ ਨਿਰਮਿਤ ਕਰਨ ਦੀ ਲੋੜ ਹੈ ਜਿਸ ਵਿਚ ਜ਼ਿੰਦਗੀ ਆਪਣੇ ਨਵੇਂ ਅਰਥ ਅਤੇ ਨਵੇਂ ਮੁੱਲ ਗ੍ਰਹਿਣ ਕਰ ਸਕੇ। ਗਗਨ ਦੀਪ ਸ਼ਰਮਾ ਦੀ ਇਹ ਕਾਵਿ-ਪੁਸਤਕ 'ਇਕੱਲਾ ਨਹੀਂ ਹੁੰਦਾ ਬੰਦਾ' ਪੜ੍ਹ ਕੇ ਮੇਰੀ ਤਾਂ ਇਹੋ ਸੋਚ ਬਣੀ ਹੈ। ਤੁਸੀਂ ਪੜ੍ਹ ਕੇ ਦੇਖੋ, ਹੋ ਸਕਦਾ ਹੈ ਕਿ ਤੁਸੀਂ ਇਸ ਤੋਂ ਵਧੀਆ ਨਤੀਜੇ 'ਤੇ ਪਹੁੰਚੋ।

**ਅਮਰਜੀਤ ਸਿੰਘ ਗਰੇਵਾਲ**



Academy of the Punjab in North America: http://www.apnaorg.com

## ਤਤਕਰਾ


| | | |
|---|---|---|
| 1. | ਇਕੱਲਾ ਨਹੀਂ ਹੁੰਦਾ ਬੰਦਾ | 15 |
| 2. | ਕੈਂਡਲ-ਲਾਈਟ ਡਿਨਰ | 18 |
| 3. | ਰਿਕਸ਼ੇ ਵਾਲਾ ਸਿਕੰਦਰ | 20 |
| 4. | ਹੱਥੋਂ ਨਿਕਲਦਾ ਬੱਚਾ | 23 |
| 5. | ਬਿਰਖ, ਮਨੁੱਖ ਤੇ ਕਵਿਤਾ | 26 |
| 6. | ਤੇਰੇ ਤੋਂ ਪਾਰ | 30 |
| 7. | ਬੱਸ ਦੀ ਖਿੜਕੀ 'ਚੋਂ ਦਿਸਦਾ ਜੀਵਨ | 33 |
| 8. | ਵਾਸ-ਪਰਵਾਸ | 36 |
| 9. | ਖ਼ਾਲੀ ਥਾਵਾਂ | 38 |
| 10. | ਫਰੈਂਚ-ਫ੍ਰਾਈਜ਼ - 1 | 40 |
| 11. | ਫਰੈਂਚ-ਫ੍ਰਾਈਜ਼ - 2 | 43 |
| 12. | ਸਿਮਰਤੀਆਂ ਦੇ ਪਰਛਾਵੇਂ - 1 | 45 |
| 13. | ਸਿਮਰਤੀਆਂ ਦੇ ਪਰਛਾਵੇਂ - 2 | 46 |
| 14. | ਪਾਈਨ-ਬੀਟਲ - 1 | 48 |
| 15. | ਪਾਈਨ-ਬੀਟਲ - 2 | 49 |
| 16. | ਜ਼ਮੀਨ ਵਲ ਮੁੜਦਾ ਜਹਾਜ਼ | 50 |
| 17. | ਸ਼ਹਿਰ, ਫੈਂਟੇਸੀ ਤੇ ਪਿੰਡ | 51 |
| 18. | ਹੋਂਦ ਵਿਚ ਪੁਰਖ਼ੇ | 54 |
| 19. | ਜਿਉਂਦਿਆਂ ਵਰਗਾ ਹੋਣਾ | 56 |
| 20. | ਪੌਣ ਸੁਣੇ ਮੈਂ ਗਾਵਾਂ | 59 |
| 21. | ਇਉਂ ਵੀ ਮਿਲਦੀ ਹੈ ਕਵਿਤਾ | 61 |




Academy of the Punjab in North America: http://www.apnaorg.com

22. ਸਹਿਜ-ਅਸਹਿਜ 62
23. ਸਾਂਭਣ ਜੋਗੇ ਪਲ 63
24. ਖੜੋਤ 66
25. ਪੂਰਬ-ਪੱਛਮ 67
26. ਕਵਿਤਾ ਬਿਨ ਸ਼ਾਇਰ 68
27. ਪਲਾਂ ਵਿੱਚ ਸਿਮਟੀ ਜ਼ਿੰਦਗੀ 69
28. ਗੁਆਚ ਜਾਂਦੀਆਂ ਨਜ਼ਮਾਂ ਅਕਸਰ 70
29. ਆਲਾ-ਭੋਲਾ ਜਿਹਾ ਬਚਪਨ 72
30. ਕਵਿਤਾ ਦੀ ਆਮਦ 73
31. ਪਰਸੂ, ਪਰਸਾ, ਪਰਸ ਰਾਮ 74
32. ਪਾਣੀ ਤਾਂ ਪਾਣੀ ਹੁੰਦਾ 76
33. ਮੰਦੀ, ਵਾਸ਼ਿੰਗਟਨ, ਬਰਨੀ ਤੇ ਪੌਲ 78
34. ਫੁੱਟਪਾਥ 84
35. ਮੀਰਾ 85
36. ਇੱਕ ਪਲ ਦਾ ਜੀਵਨ 87
37. ਗੁਰੂ ਗਣੇਸ਼ 90
38. ਜੜ੍ਹਾਂ 93
39. ਵਗਦੇ ਪਾਣੀਆਂ ਦੇ ਗੀਤ 99
40. ਦ੍ਰਿਸ਼ 101
41. ਕਵਿਤਾ 102
42. ਗ਼ਜ਼ਲਾਂ 104-122



Academy of the Punjab in North America: http://www.apnaorg.com

Academy of the Punjab in North America: http://www.apnaorg.com

# ਇਕੱਲਾ ਨਹੀਂ ਹੁੰਦਾ ਬੰਦਾ

ਬੰਦਾ ਜਦੋਂ ਤੁਰਦਾ
ਤਾਂ ਇਕੱਲਾ ਨਹੀਂ ਤੁਰਦਾ
ਉਸਦੇ ਸੰਗ ਹੁੰਦਾ
ਹੋਰ ਵੀ ਬੜਾ ਕੁਝ
ਹੋਣ ਜਾਂ ਨਾ ਹੋਣ ਜਿਹਾ
ਹੱਸਣ-ਰੋਣ ਜਿਹਾ

ਬੰਦਾ ਜਦ ਵੀ ਉਡਦਾ -
ਪੰਛੀ ਬਣ ਕੇ
ਤਾਂ ਨਾਲ-ਨਾਲ ਉਡਦਾ
ਉਸਦਾ ਟੱਬਰ-ਟੀਹਰ
ਉਸਦੇ ਖੰਭਾਂ ਨੂੰ -
ਆਪਣੀ ਪਰਵਾਜ਼ ਬਣਾ ਕੇ
ਉਸਦੇ ਬੋਲਾਂ ਨੂੰ -
ਆਪਣੀ ਆਵਾਜ਼ ਬਣਾ ਕੇ
ਹੱਸਦਾ-ਮੁਸਕਾਉਂਦਾ
ਕਿਲਕਾਰੀਆਂ ਲਾਉਂਦਾ
ਬੰਦੇ ਦੀ ਹਰ ਜਿੱਤ ਦੀਆਂ
ਖੁਸ਼ੀਆਂ ਮਨਾਉਂਦਾ

ਬੰਦਾ ਡਿਗਦਾ
ਤਾਂ ਨਹੀਂ ਡਿਗਦਾ ਇਕੱਲਾ
ਉਸਦੇ ਨਾਲ ਹੀ ਡਿਗ ਪੈਂਦਾ -
ਉਸਦਾ ਗਰਾਂ



Academy of the Punjab in North America: http://www.apnaorg.com

ਰਹਿੰਦਾ ਉਸਦੇ ਨਾਲ–ਨਾਲ –
          ਜਦ ਸਭ ਹੋ ਜਾਂਦੇ ਪਰ੍ਹਾਂ
ਉਦਾਸੀ ਬੰਦੇ ਦੀ
ਮੁਰਝਾ ਦੇਂਦੀ ਹੋਰ ਵੀ ਕਈ ਚਿਹਰੇ
ਟੁੱਟ ਜਾਂਦਾ ਬੜਾ ਕੁਝ –
          ਜੁੜਦਾ–ਜੁੜਦਾ
ਛਾ ਜਾਂਦੀ ਚੁੱਪ–ਚਾਂ

ਬੰਦਾ ਲੜਦਾ ਜਦ ਵੀ ਕਦੇ
ਸੰਘਰਸ਼ ਦਾ ਰੂਪ ਧਾਰ ਲੈਂਦਾ ਜਦ ਜੀਵਨ
ਤਾਂ ਸਿਰਫ਼ ਉਸਦੇ ਕਦਮਾਂ ਵਿਚ ਹੀ ਨਹੀਂ ਹੁੰਦੀ ਤੇਜ਼ੀ
ਉਸ ਸੰਗ ਤੁਰਦਾ
  ਦੌੜਦਾ
  ਲੜਦਾ
ਕਈ ਕੁਝ ਹੋਰ
ਹਰਦਮ ਨਾਲ ਹੁੰਦੀ ਉਸਦੇ
ਕੋਈ ਪਛਾਣੀ–ਬੇਪਛਾਣੀ ਜਿਹੀ ਤੋਰ
ਕਿੰਨੇ ਹੀ ਕੁਝ ਦੀਆਂ ਸੰਭਾਵਨਾਵਾਂ ਜੁੜਦੀਆਂ
ਜਦ ਚੁੱਕਦਾ ਹੈ ਬੰਦਾ ਤਲਵਾਰ
ਬੜੀਆਂ ਸੰਵੇਦਨਾਵਾਂ ਦੀ ਰਾਖੀ ਕਰ ਰਿਹਾ ਹੁੰਦਾ
ਢਾਲ ਹੱਥ ਵਿਚ ਲੈ ਕੇ
ਜਦ ਹਰ ਪਾਸਿਓਂ ਹੁੰਦੇ ਵਾਰ

ਇਕੱਲਾ ਨਹੀਂ ਜਿਊਂਦਾ ਬੰਦਾ
ਆਪਣੇ ਹਿੱਸੇ ਦੇ ਜਿਊਣ ਜੋਗੇ ਪਲ



Academy of the Punjab in North America: http://www.apnaorg.com

ਬੰਦੇ ਨਾਲ ਜਿਊਂਦੇ ਰਹਿੰਦੇ –
ਬੰਦੇ ਦੇ ਹਾਲਾਤ
ਉਸਦੀ ਹਿੱਕ ਵਿਚ ਧੜਕਦੇ –
ਚਾਹੇ–ਅਣਚਾਹੇ ਜਜ਼ਬਾਤ
ਬੰਦੇ ਨਾਲ ਹੀ ਜੀਂਵਦੀ –
ਬੱਚੇ ਦੀ ਕਿਲਕਾਰੀ
ਆਪਣੀ ਬੁੱਕਲ ਵਿਚ ਲੁਕੋ ਲੈਂਦੀ
ਬੰਦੇ ਦੇ ਹਰ ਦੁੱਖ–ਸੁੱਖ ਨੂੰ –
ਔਰਤ ਦੀ ਫੁਲਕਾਰੀ

ਬੰਦਾ ਮਰਦਾ
ਤਾਂ ਇਕੱਲਾ ਨਹੀਂ ਮਰਦਾ
ਉਸਦੇ ਨਾਲ ਮਰ ਜਾਂਦੇ
ਕਿੰਨੇ ਹੀ ਅਰਮਾਨ
ਮਰ–ਮੁੱਕ ਕੇ ਰਹਿ ਜਾਂਦੀ
ਅਨੇਕਾਂ ਵਸਦੇ–ਰਸਦੇ ਸੁਪਨਿਆਂ ਦੀ ਦਾਸਤਾਨ
ਲੀਕ ਤੋਂ ਉਤਰ ਜਾਂਦੀ
ਤੇਜ਼ ਦੌੜਦੀ ਟੱਬਰ ਵਾਲੀ ਰੇਲ
ਬਾਪੂ ਬੇਬੇ ਦੇ ਚਿਹਰੇ 'ਤੇ –
ਹੋਰ ਗੂੜ੍ਹੀਆਂ ਜੋ ਜਾਂਦੀਆਂ ਝੁਰੜੀਆਂ
ਬੱਚਿਆਂ ਦੇ ਹੱਥੋਂ –
ਆਪ ਮੁਹਾਰੇ ਛੁੱਟ ਜਾਂਦੀ ਖੇਲ੍ਹ

ਕਿੰਨਾ ਵੀ ਇਕੱਲਾ ਹੋਵੇ ਬੰਦਾ
ਨਹੀਂ ਹੁੰਦਾ ਉਹ ਇਕੱਲਾ ਕਦੇ।



Academy of the Punjab in North America: http://www.apnaorg.com

# ਕੈਂਡਲ-ਲਾਈਟ ਡਿਨਰ

'ਕੈਂਡਲ ਮਾਨੇ ਮੋਮਬੱਤੀ'
ਵੇਖ ਰਿਹਾਂ ਅੰਗ੍ਰੇਜ਼ੀ ਪੜ੍ਹਦੀ ਧੀ ਨੂੰ
ਮੇਰੀ ਬੀਵੀ ਕੋਲ਼ੋਂ

ਕਾਨਵੈਂਟ ਦੀ ਜਾਈ ਬੀਵੀ
ਵਸਾਹ ਨਾ ਖਾਂਦੀ ਅੰਗ੍ਰੇਜ਼ੀ ਦਾ
ਆਪ ਸਿਖਾਉਂਦੀ ਅੱਖਰ-ਅੱਖਰ

'ਸੌਫ਼ਿਸਟਿਕੇਟਡ' ਜੇਹਾ ਘਰ
ਲੱਗਦਾ ਓਪਰਾ ਓਪਰਾ ਮੈਨੂੰ
ਪਿੰਡ ਦੇ ਵਿੱਚ ਜੰਮੇ ਜਾਏ ਨੂੰ

ਅਕਸਰ ਜ਼ਿਦ ਕਰਦਾਂ ਮੈਂ ਘਰ ਵਿੱਚ
'ਆਲ੍ਹਣਾ ਤਾਂ ਸੋਭਦੈ ਆਪਣੇ ਹੀ ਬਿਰਖ਼ 'ਤੇ
ਆ ਪਰਤੀਏ ਹੁਣ ਪਿੰਡ ਨੂੰ
ਤੇ ਪਾਈਏ ਆਲ੍ਹਣਾ'

ਬੱਚੀ ਪਰ ਪਿੰਡ ਮਨ ਨਹੀਂ ਲਾਉਂਦੀ
ਬਿਲਕੁਲ ਆਪਣੀ ਮਾਂ ਵਰਗੀ ਹੈ

ਮਾਂ-ਧੀ ਦੋਵੇਂ
ਆਊਟਿੰਗ ਦੇ ਲਈ ਜਾਣਾ ਚਾਹੁਣ
ਆਏ ਦਿਨ ਹੀ



Academy of the Punjab in North America: http://www.apnaorg.com

ਸ਼ੌਪਿੰਗ
ਮੂਵੀ
ਕੈਂਡਲ-ਲਾਈਟ ਡਿਨਰ
ਜੀਵਨ ਦਾ ਇੱਕ ਹਿੱਸਾ ਹੋਏ

ਇਸ ਵਾਰੀ ਵੀ ਪਿੰਡ ਗਏ ਤਾਂ
ਦੋਵਾਂ ਨੇ ਸੀ ਨੱਕ ਬੁੱਲ੍ਹ ਵੱਟੇ -
'ਬੋਰਿੰਗ ਥਾਂ ਹੈ
ਬੋਰਿੰਗ ਲੋਕੀ
ਪੇਂਡੂ ਜੀਵਨ -
ਫ਼ਿੱਕਾ-ਫ਼ਿੱਕਾ'

ਰਾਤ ਦਾ ਖਾਣਾ ਖਾਣ ਤੋਂ ਮਗਰੋਂ
ਮੈਂ ਦੋਵਾਂ ਨੂੰ ਸੈਰ ਲੈ ਗਿਆ
ਪਿੰਡ ਦੇ ਪਿਛਲੇ ਪਾਸੇ ਵੰਨ੍ਹੀਂ
ਬਿਜਲੀ ਅਜੇ ਨਹੀਂ ਹੈ ਪਹੁੰਚੀ
ਮੋਮਬੱਤੀ ਦੀ ਲਾਟ ਸਹਾਰੇ
ਟੱਬਰ ਸੀ ਇੱਕ ਰੋਟੀ ਖਾਂਦਾ

ਛਾਲ਼ ਮਾਰ ਕੇ ਉਛਲੀ ਬੱਚੀ
ਤੇ ਫ਼ਿਰ ਬੋਲੀ -
'ਵਾਉ ਮੰਮਾ
ਹਾਉ ਅਮੇਜ਼ਿੰਗ
ਬੋਰਿੰਗ ਲੋਕੀ
ਕੈਂਡਲ-ਲਾਈਟ ਡਿਨਰ ਕਰ ਰਹੇ' ।



Academy of the Punjab in North America: http://www.apnaorg.com

## ਰਿਕਸ਼ੇ ਵਾਲਾ ਸਿਕੰਦਰ

ਸੜਕ ਦੇ ਕਿਨਾਰੇ
ਕਾਲੀ ਜਿਹੀ ਤਿਰਪਾਲ ਹੇਠ ਲੁਕਿਆ
ਇਹ ਚਾਰ ਕੁ ਫੁੱਟ ਦਾ ਖੋਖਾ
ਜਿਥੇ ਇਕ ਪਲ ਖਲ੍ਹੋਇਆਂ ਵੀ
ਆਉਂਦੀ ਹੈ ਬੋਅ
ਇਹ ਘਰ ਹੈ ਉਸਦਾ
ਸਾਹ ਲੈਂਦਾ ਇਸੇ ਵਿਚ –
          ਉਸਦਾ ਟੱਬਰ–ਟੀਹਰ
ਇਸੇ ਵਿਚ ਰੁਮਕਦੀਆਂ –
          ਸੱਧਰਾਂ ਉਸਦੀਆਂ

ਪਹਾੜੀ ਸੈਰਗਾਹ ਵਾਲਾ ਸ਼ਹਿਰ
ਆਇਆ ਹਾਂ ਜਿਥੇ ਮੈਂ –
          ਛੁੱਟੀ ਦਾ ਆਨੰਦ ਮਾਣਨ
ਉੱਥੇ ਉਹ ਚਲਾਉਂਦਾ ਹੈ ਰਿਕਸ਼ਾ
ਤੇ ਬੀਵੀ ਉਸਦੀ
ਚਾਹ ਦਾ 'ਕਾਰੋਬਾਰ' ਕਰਦੀ

ਰੱਖਦੇ ਖ਼ਿਆਲ ਦੋਵੇਂ ਜੀਅ
ਪਿਉ ਦੀ ਬਿਮਾਰੀ
ਮਾਂ ਦੀ ਲਾਚਾਰੀ
ਤੇ ਚੌਹਾਂ ਬੱਚਿਆਂ ਦੀ ਕਿਲਕਾਰੀ ਦਾ
ਉਡੇ ਫਿਰਦੇ ਦਿਨ ਭਰ
ਸ਼ਾਮ ਢਲੀ 'ਤੇ ਪਰਤ ਆਉਂਦੇ
ਘਰ ਆਪਣੇ



Academy of the Punjab in North America: http://www.apnaorg.com

ਮੈਂ
ਦਿਨ ਭਰ
ਜਿਊਂਦਾ-ਮਾਣਦਾ
ਪਹਾੜਾਂ ਦੀਆਂ ਖੁੱਲ੍ਹੀਆਂ 'ਵਾਵਾਂ
ਸ਼ਾਮ ਨੂੰ ਹੋਟਲ ਵੱਲ ਨੂੰ ਮੁੜਦਾ
ਰੁਕ ਗਿਆ ਹਾਂ ਫ਼ਿਰ
ਉਸ ਦੇ ਘਰ ਅੱਗੇ

ਆਇਆ ਨਹੀਂ ਹੈ ਅਜੇ ਉਹ ਸ਼ਾਇਦ
ਸੜਕ 'ਤੇ ਬੈਠੀ ਬੁੱਢੀ -
ਵੇਖ ਰਹੀ ਰਸਤਾ
ਤੇ ਬੱਚੇ -
ਭੱਜੇ ਫਿਰਦੇ
ਏਧਰੋਂ-ਉੱਧਰ

ਹੁਣ ਆਈ ਹੈ ਆਵਾਜ਼ ਜੋ -
    'ਬਾਬੂ ਜੀ ਆ ਗਏ'
ਜਾਪਦੀ ਉਸਦੇ ਨਿੱਕੇ ਬਾਲ ਦੀ
ਇਉਂ ਉੱਛਲ ਰਹੀ ਹੈ ਉਹ
ਜਿਉਂ ਲੱਭ ਲਿਆਏ ਹੋਣ 'ਬਾਬੂ ਜੀ'
ਤੋੜ ਕੋਈ ਗੁਰਬਤ ਦਾ
ਲਿਪਟ ਰਹੇ ਚਾਰੇ ਬੱਚੇ -
    ਉਸਦੀਆਂ ਲੱਤਾਂ ਨਾਲ
ਬੁੱਢੀ -
    ਉੱਠ ਕੇ ਹੱਥ ਫੇਰਦੀ ਉਸ ਦੇ ਸਿਰ 'ਤੇ



Academy of the Punjab in North America: http://www.apnaorg.com

ਲੈ ਜਾਂਦੇ ਉਸ ਨੂੰ ਅੰਦਰ –
ਉਸ ਕਾਲੀ ਤਿਰਪਾਲ ਹੇਠਲੇ ਖੋਖੇ ਦੇ
ਤੇ ਤ੍ਰੀਮਤ –
ਪੋਲਾ ਜਿਹਾ ਮੁਸਕੁਰਾ ਛੱਡਦੀ ਬੱਸ

ਥਾਏਂ ਜੰਮਿਆ ਜਿਊਂਦਾ ਰਹਿੰਦਾ ਮੈਂ –
ਰਮਣੀਕ ਥਾਂ ਦੇ ਪਿੱਛੇ ਲੁਕੇ
ਮੋਹ–ਮੁਹੱਬਤ ਦੇ ਪਲ–ਛਿਣ

ਜੋ ਦਿਸਦਾ ਹੈ ਬਾਹਰੋਂ –
ਤਿਰਪਾਲ ਹੇਠਲਾ ਖੋਖਾ
ਉਹ ਨਜ਼ਰ ਆਉਂਦਾ ਹੈ ਮਹੱਲ ਮੈਨੂੰ

ਰਿਕਸ਼ੇ ਵਾਲਾ –
ਜਾਪਦਾ ਸੀ ਜੋ ਹਾਰਿਆ–ਮਰਿਆ ਪਿਆਦਾ
ਅੱਜ ਦੀ ਲੜਾਈ ਜਿੱਤ ਕੇ ਮੁੜਿਆ –
ਸਿਕੰਦਰ ਲਗਦਾ ਹੈ ਮੈਨੂੰ।



Academy of the Punjab in North America: http://www.apnaorg.com

## ਹੱਥੋਂ ਨਿਕਲਦਾ ਬੱਚਾ

ਉਮਰ ਵਿਚ ਵੱਡਾ ਹੁੰਦਾ ਜਿਉਂ-ਜਿਉਂ ਬੱਚਾ
ਨਾਲ-ਨਾਲ ਵਿਗਸਦਾ ਰਹਿੰਦਾ
ਇਕ ਪੂਰੇ ਦਾ ਪੂਰਾ ਸੰਸਾਰ ਉਸਦੇ ਅੰਦਰ
ਦਾਦੀ-ਨਾਨੀ ਦੀਆਂ ਲੋਰੀਆਂ
ਪਿਉ ਦੇ ਚਾਅ
ਮਾਂ ਦੀਆਂ ਉਮੰਗਾਂ
ਬੱਚੇ ਦੇ ਨਾਲ-ਨਾਲ ਜਵਾਨ ਹੁੰਦੀਆਂ

ਸਕੂਲ ਵਿਚ ਬੇਲੀਆਂ ਨਾਲ ਬਿਤਾਏ ਪਲ
ਲੁਕਣ-ਮੀਟੀ, ਛੂਣ-ਛੁਆਈ ਦੀਆਂ ਖੇਡਾਂ
ਊੜੇ-ਐੜੇ ਵਾਲੀ ਪੈਂਤੀ
ਏਕੇ-ਦੂਏ ਵਾਲੀ ਗਿਣਤੀ
ਸਭ ਕੁਝ ਬੈਠ ਜਾਂਦਾ ਚੁੱਪ-ਚਾਪ
ਬੱਚੇ ਦੇ ਮਸਤਕ ਅੰਦਰ
ਸਮੁੰਦਰ ਦੀ ਤਹਿ ਹੇਠ ਟਿਕੀਆਂ ਸਿੱਪੀਆਂ ਵਾਂਗ

ਬੱਚੇ ਦੇ ਮਸਤਕ ਅੰਦਰ ਸਮਾ ਜਾਂਦੇ
ਮਾਰੂਥਲਾਂ ਦੀ ਰੇਤ ਵਾਂਗ ਤਪਦੇ
ਕਿੰਨੇ ਹੀ ਵਾਵਰੋਲੇ

ਘਰ ਤੋਂ ਦਫ਼ਤਰ
ਦਫ਼ਤਰ ਤੋਂ ਘਰ
ਚੁੱਪਚਾਪ ਸਫ਼ਰ ਕਰਦੇ ਬਾਪ ਦੀ ਬੇਬਸੀ
ਦਿਨ ਭਰ
ਚਰਕਚੂੰਡੇ ਵਾਂਗ ਭੱਜੀ ਫਿਰਦੀ
ਮਾਂ ਦੇ ਤੇਜ਼ ਕਦਮਾਂ ਵਿਚਲੀ ਬਿਜਲੀ



Academy of the Punjab in North America: http://www.apnaorg.com

ਹਰ ਰੋਜ਼ ਦੇਹਲੀਆਂ 'ਚ ਬੈਠ
ਕੰਮ 'ਤੇ ਗਏ ਬਾਪ ਨੂੰ ਉਡੀਕਦੀ
ਦਾਦੀ ਦੀਆਂ ਅੱਖਾਂ ਵਿਚਲਾ ਡਰ
ਸਭ ਕੁਝ ਸਹਿਜ-ਸੁਭਾਅ ਹੀ ਬੈਠ ਜਾਂਦਾ
ਬੱਚੇ ਦੇ ਮਨ ਅੰਦਰ

ਬੱਚੇ ਦੇ ਮਨ ਅੰਦਰ
ਚੁੱਪਚਾਪ ਹੀ ਵਸ ਜਾਂਦੀਆਂ
ਚੇਤੇ ਕੀਤੇ ਲੇਖਾਂ ਵਿਚਲੀਆਂ -
ਬਾਬੇ ਨਾਨਕ ਦੀਆਂ ਉਦਾਸੀਆਂ
ਜਨੇਊ ਦੇ ਭਰਮ ਤੋੜਨੇ
ਖੇਤਾਂ ਨੂੰ ਪਾਣੀ ਚੜ੍ਹਾਉਣੇ

ਭਗਤ ਸਿੰਘ ਦਾ ਅਸੈਂਬਲੀ ਵਿਚ ਬੰਬ ਸੁੱਟਣਾ
ਗ੍ਰਿਫ਼ਤਾਰ ਹੋ ਜਾਣਾ
ਫਾਂਸੀ ਚੜ੍ਹ ਜਾਣਾ

ਸਿਧਾਰਥ ਦਾ ਸਭ ਕੁਝ ਛੱਡ-ਛੁਡਾ ਕੇ
ਘਰੋਂ ਤੁਰ ਜਾਣਾ

ਚੁੱਪਚਾਪ ਹੀ ਬੱਚੇ ਦੇ ਮਨ ਅੰਦਰ
ਕ੍ਰਾਂਤੀਕਾਰੀ ਨਜ਼ਮਾਂ ਵਾਲਾ ਇਨਕਲਾਬ ਪੁੰਗਰਦਾ

ਬੱਚਾ ਜਵਾਨ ਹੁੰਦਾ
ਤਾਂ ਉਸਦੇ ਨਾਲ ਜਵਾਨ ਹੁੰਦਾ
ਪੂਰੇ ਦਾ ਪੂਰਾ ਮਨੋਵਿਗਿਆਨ



Academy of the Punjab in North America: http://www.apnaorg.com

ਇਕ ਸਮੁੱਚੀ ਸੋਚ
ਜਵਾਨ ਹੁੰਦੇ ਬੱਚੇ ਦੇ ਨਾਲ–ਨਾਲ ਹੋ ਜਾਂਦੀ ਉਡਾਰ

ਜਵਾਨ ਹੁੰਦੀ ਬੱਚੇ ਅੰਦਰ
ਸਭ ਗੁਲਾਮੀਆਂ ਤੋਂ ਪਾਰ ਪਾਉਣ ਦੀ ਚਾਹ

ਇਉਂ ਜਵਾਨ ਹੋਇਆ ਬੱਚਾ
ਨਹੀਂ ਬਹਿਣਾ ਚਾਹੁੰਦਾ
ਦਫ਼ਤਰ ਦਾ ਮੁਲਾਜ਼ਮ
ਜਾਂ ਸੱਤਾ ਦਾ ਨੌਕਰ ਹੋ ਕੇ

ਜਿਊਣਾ ਚਾਹੁੰਦਾ ਉਹ ਤਾਂ –
ਨਾਨਕ
ਭਗਤ
ਸਿਧਾਰਥ ਵਾਂਗ

ਬਣਾਉਣੇ ਲੋਚਦਾ ਆਪਣੇ ਹੀ ਰਾਹ

ਤੇ ਮਾਂ ਨੂੰ ਲੱਗਦਾ –
ਜਵਾਨ ਹੋ ਕੇ ਪੁੱਤ
ਹੱਥੋਂ ਨਿਕਲ ਗਿਆ ਹੁਣ।



Academy of the Punjab in North America: http://www.apnaorg.com

## ਬਿਰਖ, ਮਨੁੱਖ ਤੇ ਕਵਿਤਾ

ਨਿੱਕੇ ਜਿਹੇ ਬੀਜ ਤੋਂ ਸ਼ੁਰੂ ਹੁੰਦਾ ਜਿਵੇਂ
ਸਫ਼ਰ ਬਿਰਖ਼-ਬੂਟਿਆਂ ਦਾ
ਉਵੇਂ ਹੀ ਹੁੰਦਾ ਆਗ਼ਾਜ਼
ਮਨੁੱਖ ਦੇ ਸਫ਼ਰ ਦਾ ਵੀ
ਨਿੱਕੀ ਜਿਹੀ ਕਾਇਆ ਦੇ ਸਰੂਪ ਵਿਚ
ਕਵਿਤਾ ਵੀ ਇਵੇਂ ਹੀ ਲੈਂਦੀ
ਆਪਣੇ ਪਹਿਲੇ ਸਾਹ
ਮਨ ਦੇ ਕਿਸੇ ਕੋਨੇ
ਉੱਸਲਵੱਟੇ ਲੈਂਦਾ ਖ਼ਿਆਲ ਬਣ ਕੇ
ਬੜੇ ਹੀ ਸੂਖ਼ਮ
ਸਹਿਜ
ਖ਼ੂਬਸੂਰਤ ਰੂਪ ਵਿਚ ਜਨਮਦੇ –
          ਬਿਰਖ਼
          ਮਨੁੱਖ
          ਕਵਿਤਾ

ਪੁੰਗਰਦੇ-ਪੁੰਗਰਦੇ
ਬੀਜ ਤੋਂ ਬਣ ਜਾਂਦੀ ਕਲਮ –
          ਨਾਜ਼ੁਕ
          ਅਛੋਪਲੀ ਜਿਹੀ
ਹੱਥ ਲਾਇਆਂ ਵੀ
ਦੂਹਰੀ-ਤੀਹਰੀ ਹੋ ਹੋ ਜਾਂਦੀ

ਇਉਂ ਹੀ ਸਹਿਜੇ-ਸਹਿਜੇ
ਵਧਦਾ ਰਹਿੰਦਾ ਨਿੱਕਾ ਬੱਚਾ



Academy of the Punjab in North America: http://www.apnaorg.com

ਹੌਲੀ-ਹੌਲੀ ਤੁਰਨਾ ਸਿੱਖਦਾ
ਤੁਰਦਾ-ਤੁਰਦਾ ਡਿਗਦਾ ਰਹਿੰਦਾ
ਡਿਗਦਾ-ਡਿਗਦਾ ਤੁਰਨਾ ਚਾਹੁੰਦਾ

ਕਵਿਤਾ ਵੀ ਉਤਰਦੀ
ਕੁਝ ਏਸੇ ਤਰ੍ਹਾਂ
ਹਰਫ਼-ਹਰਫ਼ ਹੋ ਕੇ
ਵਰਕਿਆਂ 'ਤੇ ਪਰੋ ਹੁੰਦੀ
ਮਨ ਵਰਗੀ ਕੋਈ ਇਬਾਰਤ

ਕਲਮ ਫੈਲਦੀ
ਤਾਂ ਮੌਲਦਾ ਬਿਰਖ਼ ਬਣ ਫੈਲਦੀ

ਬਿਰਖ਼ ਹਵਾ 'ਚੋਂ ਵਿਸ਼ ਦੀਆਂ ਘੁੱਟਾਂ ਭਰਦਾ
ਧੁੱਪਾਂ ਦੀ ਨਾ ਪਰਵਾਹ ਕਰਦਾ
ਆਉਂਦੇ ਰਾਹੀਆਂ ਨੂੰ ਛਾਂ ਕਰਦਾ
ਸਮੇਟ ਲਵੇ ਕੁਲ ਦੁਨੀਆਂ ਨੂੰ
ਟਾਹਣਾਂ ਫੈਲਾਉਂਦਾ ਇਸ ਕਦਰ

ਬੰਦਾ ਫੈਲਦਾ
ਤਾਂ ਉਡਦਾ ਧਰਤ-ਅਕਾਸ਼
ਕਦਮ ਪੁੱਟਦਾ
ਤਾਰੇ ਛੂਹ ਆਉਣ ਤੱਕ ਜਾਂਦਾ
ਮਨ ਦੇ ਬੂਹੇ ਖੋਲ੍ਹਦਾ
ਨਜ਼ਰ ਆਉਂਦੀ ਦਿਸਹੱਦਿਆਂ ਤੱਕ ਫੈਲੀ ਖਿੜਕੀ
ਕੁਝ ਵੀ ਨਹੀਂ ਦਿਸਦਾ ਐਸਾ
ਹੋਵੇ ਜੋ ਠਾਠਾਂ ਮਾਰਦੀ ਜਵਾਨੀ ਦੇ ਵਸੋਂ ਬਾਹਰ



Academy of the Punjab in North America: http://www.apnaorg.com

ਕਵਿਤਾ ਹੁੰਦੀ ਉਡਾਰੀ ਵਿਚ
ਤਾਂ ਖ਼ਿਆਲ ਹੁੰਦੇ ਅਨੰਤ
ਸ਼ਬਦ ਪਰੋ ਲੈਣਾ ਚਾਹੁੰਦੇ ਸਭ ਵਿਚਾਰਾਂ ਨੂੰ–
ਨਜ਼ਮੀਅਤ ਦੇ ਧਾਗੇ ਵਿਚ
ਮਹਾਂ–ਕਾਵਿ ਦੀਆਂ ਤਮਾਮ ਸੰਭਾਵਨਾਵਾਂ
ਦਿਸਦੀਆਂ ਉਜਾਗਰ –
ਕਵਿਤਾ ਦੇ ਜੋਬਨ ਰੂਪ ਵਿਚ।

ਬਿਰਖ ਸਿਮਟਦਾ ਅੰਤ ਨੂੰ
ਤਾਂ ਛੱਡ ਜਾਂਦਾ ਯਾਦਾਂ ਦੇ ਪ੍ਰਛਾਵੇਂ
ਸੁੰਗੜ ਜਾਂਦੀ ਬਿਰਖ ਦੀ ਸਾਬਤ–ਸਬੂਤੀ ਕਾਇਆ
ਅਨੇਕਾਂ ਬੀਜ ਨਿਕਲਦੇ
ਬਿਰਖ ਦੀ ਸਿਮਟੀ ਹੋਂਦ ਦੇ ਆਕਾਰ ਵਿਚੋਂ
ਬੀਜ ਤੋਂ ਫਿਰ ਉੱਠ ਖੜ੍ਹੋਂਦੀਆਂ –
ਕਿਸੇ ਹੋਰ ਬਿਰਖ ਦੀਆਂ ਜੜ੍ਹਾਂ
ਸਦੀਵੀ ਪੈੜਾਂ ਛੱਡਦੇ –
ਹਰਿਆਲੀ ਦੇ ਨਿਸ਼ਾਨ

ਮਨੁੱਖ ਪਹੁੰਚਦਾ ਅੰਤ ਦੀਆਂ ਬਰੂਹਾਂ 'ਤੇ
ਤਾਂ ਮੁੱਠ ਕੁ ਭਰ ਹੀ ਬਚਦਾ
ਉਸਦੇ ਸਾਹਾਂ ਦਾ ਸਰਮਾਇਆ
ਮੱਧਮ ਪੈ ਜਾਂਦੀ ਜੀਕਣ ਸ਼ਾਮ ਵੇਲੇ
ਸੂਰਜ ਦੀ ਰੌਸ਼ਨੀ ਦੀ ਚਮਕ
ਬੰਦਾ ਵੀ ਇਉਂ ਹੀ ਅਸਤ ਹੋ ਜਾਂਦਾ
ਬਚਦੀਆਂ ਨੇ ਕੇਵਲ ਕਿਰਤ ਤੇ ਸੋਚ ਦੀਆਂ ਪੈੜਾਂ
ਉਹਨਾਂ ਵਿਚੋਂ ਹੀ ਜਨਮਦੀਆਂ ਅਗਲੇਰੀਆਂ ਸੋਚਾਂ



Academy of the Punjab in North America: http://www.apnaorg.com

ਰਹਿੰਦਾ ਸਲਾਮਤ –
ਮਾਨਵਵਾਦ ਦਾ ਚਿੰਤਨ

ਲਿਖ ਹੋ ਜਾਂਦੀ ਕਵਿਤਾ
ਤਾਂ ਛੱਡ ਜਾਂਦੀ ਨਿਸ਼ਾਨ
ਯਾਦਾਂ ਦੇ ਅਕਸ 'ਤੇ
ਖ਼ਤਮ ਹੋ ਜਾਂਦੀ –
ਵਰਕਿਆਂ 'ਤੇ ਫੈਲੀ ਕਵਿਤਾ
ਤਾਂ ਸ਼ੁਰੂ ਹੁੰਦਾ –
ਕਵਿਤਾ ਨੂੰ ਮਾਨਣ ਦਾ ਆਨੰਦ
ਲਿਖੀ ਕਵਿਤਾ ਨੂੰ ਜਿਊਣਾ
ਜਿਊਂਦੀ ਕਵਿਤਾ ਨੂੰ ਲਿਖਣਾ
ਸਹਿਜਤਾ ਨਾਲ ਹੀ ਵਾਪਰਦਾ ਰਹਿੰਦਾ

ਇਕ-ਦੂਜੇ ਵਰਗੇ ਹੀ ਹੁੰਦੇ –
ਬਿਰਖ
ਮਨੁੱਖ
ਕਵਿਤਾ
ਇਕ-ਦੂਜੇ ਵਾਂਗ ਹੀ ਜਿਊਂਦੇ
ਪੀੜ੍ਹੀ-ਦਰ-ਪੀੜ੍ਹੀ
ਇਕ ਦੂਜੇ ਵਾਂਗ ਹੀ ਸਫ਼ਰ ਵਿਚ ਰਹਿੰਦੇ।



Academy of the Punjab in North America: http://www.apnaorg.com

## ਤੇਰੇ ਤੋਂ ਪਾਰ

ਤੇਰਾ ਮੋਹ ਸੀ ਬੜਾ
ਮੋਹ-ਮੋਹ ਵਿਚ ਬਣ ਗਿਆ -
ਤੂੰ ਹਰ ਪਲ ਦਾ ਮਾਲਕ
ਬਿਨ ਤੇਰੇ ਮੈਂ ਸਾਹ ਨਾ ਲੈਂਦੀ

ਮੈਂ ਤੁਰਦੀ
ਤੂੰ ਅੰਗ-ਸੰਗ ਤੁਰਦਾ
ਹੱਥ ਵਿਛਾਉਂਦਾ -
ਮੇਰੇ ਪੈਰੀਂ
ਇੱਕ ਟੋਟਾ ਵੀ ਧੁੱਪ ਦਾ ਆਉਂਦਾ -
ਤੂੰ ਮੇਰੀ ਛਤਰੀ ਬਣ ਜਾਂਦਾ

ਨਿੱਕੇ-ਨਿੱਕੇ ਸਾਂ ਦੋਵੇਂ ਜਦ
ਮੋਹ ਨੇ ਆਪਣੀ ਜੜ੍ਹ ਲਾਈ ਸੀ
ਸੰਗ ਨਿਭਣ ਦੇ ਕੌਲ ਹੋ ਗਏ -
ਆਪ-ਮੁਹਾਰੇ
ਚੁੱਪ-ਚੁਪੀਤੇ

ਏਸੇ ਮੋਹ ਵਿਚ ਬੀਤ ਗਿਆ ਸੀ ਮੇਰਾ ਬਚਪਨ
ਪਰ ਤੇਰਾ ਮੋਹ
ਮੈਨੂੰ ਬੱਚਿਆਂ ਵਾਂਗ ਰੱਖਦਾ
ਸਭ ਕੁਝ ਸੀ ਤੇਰੇ 'ਤੇ ਨਿਰਭਰ

ਖੁਸ਼ ਸੀ ਮੇਰੀ ਜਿੰਦ ਕੁਆਰੀ
ਜੋ ਤੇਰੀ ਜਾਗੀਰ ਬਣੀ ਸੀ



Academy of the Punjab in North America: http://www.apnaorg.com

ਮੈਂਨੂੰ ਕੁਝ ਨਾ ਦਿਸਦਾ ਸੀ –
ਤੇਰੇ ਤੋਂ ਬਾਹਰ
ਤੇਰੇ ਅੰਦਰ
ਮੇਰੇ ਭਾਣੇ ਜੱਗ ਵਸਦਾ ਸੀ

ਫ਼ਿਰ ਇੱਕ ਦਿਨ ਕੀ ਪਰਲੋ ਆਈ
ਕਿਸੇ ਸਰਾਪ ਨੇ ਡੰਗਿਆ ਮੈਂਨੂੰ
ਤੇ ਤੂੰ ਮੈਥੋਂ ਦੂਰ ਹੋ ਗਿਆ

ਸੁੰਨਾ ਹੋ ਗਿਆ ਸਭ ਜੱਗ ਮੇਰਾ
ਹਵਾ 'ਚ ਉਡ ਗਈ ਛਤਰੀ ਮੇਰੀ
ਧੁੱਪ 'ਚ ਸੜਨੇ ਜੋਗੀ ਰਹਿ ਗਈ –
ਜਿੰਦ ਕੁਆਰੀ
ਕੱਲੀ–ਕਾਰੀ
ਤੈਂਨੂੰ ਲੱਭਦੀ ਨਜ਼ਰ ਘੁਮਾਉਂਦੀ –
ਚੌਹੀਂ ਪਾਸੀਂ
ਪਰ ਹਰ ਪਾਸੇ ਨ੍ਹੇਰਾ ਦਿਸਦਾ
ਮਨ ਕਰਦਾ 'ਬੀਤਾ' ਬਣ ਜਾਵਾਂ
ਨਹਿਰ, ਸੜਕ ਜਾਂ ਲਾਈਨ ਰੇਲ ਦੀ
ਹਰਦਮ ਮੈਂਨੂੰ 'ਵਾਜਾਂ ਲਾਉਂਦੇ

ਪਰ ਫ਼ਿਰ ਇਕ ਆਵਾਜ਼ ਸੀ
ਮੇਰੇ ਅੰਦਰੋਂ ਆਈ
ਜੀਵਨ ਦੇ ਸੂਰਜ ਦੀ
ਜਿਉਂ ਇਕ ਕਿਰਨ ਦਿਸੀ ਸੀ



Academy of the Punjab in North America: http://www.apnaorg.com

ਪਿੱਛੇ ਮੁੜ ਕੇ ਤੱਕਿਆ ਤਾਂ
ਅਫ਼ਸੋਸ ਹੀ ਹੋਇਆ
ਆਪਣਾ ਆਪਾ ਕੈਦ ਕਰੀਂ ਰੱਖਿਆ ਮੈਂ ਕਿਉਂਕਰ
ਸੋਚ–ਉਡਾਰੀ
ਕਦੇ ਨਾ ਮਾਰੀ

ਫ਼ਿਰ ਤਾਂ ਮੈਂ ਦਰਵੇਸ਼ ਹੋ ਗਈ
ਮਨ ਵਿਚਲੇ ਸਭ ਗੀਤ ਸੀ ਗਾਏ
ਦਿਲ ਕਹਿੰਦਾ ਜਿੱਧਰ –
ਤੁਰ ਜਾਂਦੀ
ਖ਼ੁਦ ਜਾਗੀਰ ਸਾਂ ਪਹਿਲਾਂ
ਤੇ ਹੁਣ ਫ਼ਿਰਾਂ
ਸਾਗ਼ਰਾਂ ਦੀ ਥਹੁ ਪਾਉਂਦੀ

ਹੁਣ ਜਿਊਂਦੀ ਹਾਂ
ਪਲ–ਪਲ
ਛਿਣ–ਛਿਣ
ਸਭ ਕੁਝ ਸਹਿਜ–ਸੁਭਾਅ ਵਿੱਚ ਹੁੰਦਾ ਹੈ –
ਤੇਰੇ ਬਿਨ ।



Academy of the Punjab in North America: http://www.apnaorg.com

## ਬੱਸ ਦੀ ਖਿੜਕੀ 'ਚੋਂ ਦਿਸਦਾ ਜੀਵਨ

ਬੱਸ ਵਿਚ ਬੈਠਿਆਂ
ਇਕੱਲੀ ਬੱਸ ਹੀ ਨਹੀਂ ਹੁੰਦੀ ਗਤੀਮਾਨ
ਸਫ਼ਰ ਵਿਚ ਹੁੰਦਾ ਹੈ –
ਬੱਸ ਦੀ ਖਿੜਕੀ 'ਚੋਂ ਦਿਸਦਾ ਜੀਵਨ ਵੀ

ਇਕ ਤੋਂ ਦੂਜੀ ਥਾਂ
ਹੋਰ ਤੋਂ ਹੋਰ ਲੋਕ –
ਆਉਂਦੇ ਰਹਿੰਦੇ ਨਜ਼ਰ
ਮਨ ਵਿਚ ਪੁੰਗਰਦਾ ਰਹਿੰਦਾ ਪਲ-ਪਲ –
ਕੁਝ ਬੀਤੇ ਨਾਲੋਂ ਵੱਖਰਾ
ਕੁਝ ਬੀਤੇ ਵਰਗਾ
ਘਰ ਤੋਂ ਦਫ਼ਤਰ
ਦਫ਼ਤਰ ਤੋਂ ਘਰ ਵਿਚਕਾਰ
ਮੇਰੇ ਨਾਲ-ਨਾਲ ਤੁਰਦੀ –
ਸੜਕ
ਬੱਸ
ਬੱਸ ਦੀ ਖਿੜਕੀ
ਬੱਸ ਦੀ ਖਿੜਕੀ 'ਚੋਂ ਦਿਸਦਾ ਰਹਿੰਦਾ –
ਮਨ ਵਰਗੇ ਜੀਵਨ ਦਾ ਝਲਕਾਰਾ

ਖੁਸ਼ੀ ਦੇ ਪਲਾਂ ਵਿਚ
ਬੱਸ ਦੀ ਖਿੜਕੀ 'ਚੋਂ ਦਿਸ ਪੈਂਦੀਆਂ –
ਖੁਸ਼ੀ ਵਰਗੀਆਂ ਹੋਰ ਅਨੇਕਾਂ ਹੋਣੀਆਂ
ਖੇਤਾਂ ਦਾ ਸ਼ਿੰਗਾਰ ਬਣੀਆਂ ਫ਼ਸਲਾਂ
ਸ਼ਬਜ਼ੀ ਵੇਚ-ਵੱਟ ਕੇ ਘਰ ਮੁੜਦਾ ਫ਼ੇਰੀ ਵਾਲਾ



Academy of the Punjab in North America: http://www.apnaorg.com

ਗ਼ਰੀਬੀ ਦੀ ਮਾਰ ਨੂੰ ਟਿੱਚ ਜਾਣਦਾ –
ਚਿੱਕੜ ਵਿਚ ਵੀ ਚਾਈਂ–ਚਾਈਂ
ਮਿੱਤਰਾਂ ਸੰਗ ਨੱਚਦਾ ਫਿਰਦਾ
ਬਸਤੀਆਂ ਵਿਚਲਾ ਬਚਪਨ
ਨਾਲ–ਨਾਲ ਝੂਮਦਾ ਰਹਿੰਦਾ –
ਬੱਸ ਦੀ ਬਾਰੀ 'ਚੋਂ ਬਾਹਰ ਵਿੰਹਦਾ ਮਨ

ਦੌਰ ਹੁੰਦਾ ਉਦਾਸੀ ਦਾ
ਮਾਯੂਸ ਹੋ ਜਾਂਦਾ
ਬੱਸ ਦੀ ਬਾਰੀ 'ਚੋਂ ਦਿਸਦਾ ਜੀਵਨ ਵੀ –
ਫ਼ਸਲਾਂ ਵਾਲੇ ਦਾ ਕਰਜ਼ੇ ਭਰਿਆ ਸਫ਼ਰ
ਨਸ਼ਿਆਂ ਸਹਾਰੇ ਸੜਕਾਂ 'ਤੇ ਰੁਲੀ ਫਿਰਦੀ ਬੇਰੁਜ਼ਗਾਰ ਜਵਾਨੀ
ਝੁੱਗੀਆਂ 'ਚੋਂ ਉਦੈ ਹੋ ਕੇ –
ਫੈਕਟਰੀਆਂ ਵਿਚ ਅਸਤ ਹੋ ਜਾਂਦੀ –
ਕਾਮਿਆਂ ਦੀ ਹਰ ਪੀੜ੍ਹੀ
ਸ਼ਰਾਬੀ ਦੇ ਘਰ ਨੂੰ ਪਾਲਦੇ–ਪਾਲਦੇ –
ਬਾਜ਼ਾਰਾਂ ਵਿਚ ਖ਼ਪ ਰਹੀ
ਉਸਦੇ ਬੱਚਿਆਂ ਦੀ ਮਾਂ
ਹਰ ਪਾਸਾ ਉਦਾਸ ਦਿਸਦਾ –
ਬੱਸ ਦੀ ਬਾਰੀ ਵਿਚੋਂ
ਮਨ ਦੀ ਉਦਾਸੀ ਦੇ ਪਲਾਂ ਵਿਚ

ਬੱਸ ਦੀ ਖਿੜਕੀ 'ਚੋਂ ਕਵਿਤਾ ਦਿਸ ਜਾਂਦੀ –
ਕਵਿਤਾ ਦੇ ਕਲੇਵਰ ਵਿਚ ਹੁੰਦਾ ਮਨ ਜਦ ਕਦੇ
ਡੂੰਘੇ ਸਾਗਰ 'ਚੋਂ ਉੱਗਦੇ ਸੂਰਜ ਵਾਂਗ



Academy of the Punjab in North America: http://www.apnaorg.com

ਹਨ੍ਹੇਰਿਆਂ 'ਚੋਂ ਪ੍ਰਛਾਵੇਂ ਤਲਾਸ਼ਦੇ –
          ਲੇਬਰ ਚੌਂਕ ਵਿਚ ਖੜ੍ਹੇ ਮਜ਼ਦੂਰ
ਹਰ ਦਿਨ ਵਿਕ ਕੇ ਵੀ ਰੱਖਦੇ ਕਾਇਮ –
          ਕਿਸੇ ਇਨਕਲਾਬ ਦੀ ਆਸ
ਵੋਟਾਂ ਵਾਲੇ ਦਿਨ –
          ਹੋ ਜਾਂਦਾ ਆਜ਼ਾਦੀ ਦਾ ਵਹਿਮ ਜਿਹਾ ਜੀਕਣ
ਉੱਸਲਵੱਟੇ ਲੈਂਦੀ –
          ਕਿਸੇ ਭਵਿੱਖ ਦੀ ਆਸ-ਉਮੀਦ
ਹੋਰ ਬੜਾ ਕੁਝ ਪੁੰਗਰਦਾ
ਮਨ ਦੇ ਬਗ਼ੀਚੇ ਵਿਚ

ਬੱਸ ਦੀ ਬਾਰੀ 'ਚੋਂ ਦਿਸੀ ਕਵਿਤਾ
ਵਰਕਿਆਂ 'ਤੇ ਫੈਲ ਜਾਂਦੀ

ਇਉਂ ਹੀ
ਜੀਵਨ ਦੇ ਸਮਾਨੰਤਰ
ਜੀਵਿਆ ਜਾਂਦਾ
ਇਕ ਹੋਰ ਵੀ ਜੀਵਨ
ਦਿਸਦਾ ਰਹਿੰਦਾ ਜੋ –
          ਬੱਸ ਦੀ ਖਿੜਕੀ ਵਿਚੋਂ ਦੀ।



Academy of the Punjab in North America: http://www.apnaorg.com

## ਵਾਸ-ਪਰਵਾਸ

ਦੂਰ ਦੇਸ ਵਿਚ
ਰੇਲ ਦੇ 'ਟੇਸਣ 'ਤੇ ਬੈਠਾ ਮੈਂ
ਨੱਕੋ-ਨੱਕ ਭਰੀ ਲੋਕਲ ਗੱਡੀ ਵਲ ਵੇਖਦਾਂ -
ਕੰਮ ਕਰਨ ਵਾਲੇ ਸ਼ਹਿਰ 'ਚੋਂ
ਘਰਾਂ ਵਾਲੇ ਪਿੰਡ ਜਾਣ ਲਈ
ਦੋ ਪੈਰਾਂ ਜੋਗੀ ਥਾਂ ਟੋਲ੍ਹਦੇ
ਕਾਲੇ-ਘਸਮੈਲੇ ਜਿਹੇ ਚਿਹਰੇ

ਔਖਾ ਲਗਦਾ ਜਿਸ ਥਾਂ
ਇਕ ਤਿਲ ਸੁੱਟ ਪਾਉਣਾ ਵੀ
ਧੁਸ ਜਾਂਦੇ ਉਥੇ
ਚਾਰ-ਪੰਜ ਹੋਰ ਬੰਦੇ
ਘਰਾਂ ਦੇ ਨਿੱਘ ਦੇ ਖਿੱਚੇ

ਮੈਨੂੰ ਕੋਈ ਨਾ ਕਾਹਲ ਇਥੇ
ਨਾ ਖਿੱਚ ਹੀ ਕੋਈ
ਲੈ ਆਵੇ ਜੋ -
ਮੇਰਿਆਂ ਕਦਮਾਂ ਦੇ ਵਿਚ ਤੇਜ਼ੀ

ਮੈਨੂੰ ਤਰਸ ਆਉਂਦਾ
ਇਹਨਾਂ ਵਿਚਾਰਿਆਂ 'ਤੇ
ਝੱਲਦੇ ਜੋ ਐਨੇ ਔਖੇ ਵੇਲੇ
ਭੀੜਾਂ ਦੇ ਸਫ਼ਰ ਵਿਚ
ਗਾਉਂਦੇ ਬੁੜ੍ਹਾਂ ਦੇ ਗੀਤ



Academy of the Punjab in North America: http://www.apnaorg.com

ਦਿੰਦੇ ਰਹਿੰਦੇ ਪਰ ਉਹਨਾਂ ਨੂੰ –
ਮੋਹ ਭਰਿਆ ਸੰਗੀਤ

ਮੈਨੂੰ ਆਪਣਾ ਪਿੰਡ ਚੇਤੇ ਆਉਂਦਾ
ਘਰ ਪੁੱਜਣ ਖ਼ਾਤਿਰ
ਮੂੰਹ–ਤੱਕ ਲੱਦੀ ਪਈ ਬੱਸ ਵਿਚ
ਕੇਵਲ ਪੈਰ ਜਿਹਾ ਫ਼ਸਾ ਲੈਣ ਦੀ ਜੱਦੋ–ਜਹਿਦ

ਡਿਗੂੰ–ਡਿਗੂੰ ਕਰਦੀ ਟੇਢੀ ਹੁੰਦੀ ਬੱਸ
ਤਾਕੀ ਵਿਚ ਖਲੋਤਿਆਂ
ਇਕੋ ਹੀ ਪੈਰ 'ਤੇ ਝੱਲਦੇ ਰਹਿਣਾ
ਦਿਨ–ਭਰ ਦੀ ਥਕਾਣ
ਆਪਣੀ ਟੱਬਰੀ ਦਾ ਮੂੰਹ ਵੇਖਣ ਖ਼ਾਤਿਰ

ਮੇਰੇ ਪਿੰਡ
ਮੇਰੇ ਦੇਸ ਵਿਚ
ਆਉਂਦਾ ਹੋਵੇਗਾ ਕੋਈ ਪਰਵਾਸੀ
ਵਿੰਹਦਾ ਹੋਵੇਗਾ ਮੇਰੇ ਵੀ ਕਦਮਾਂ ਵਿਚਲੀ ਤੇਜ਼ੀ
ਆਪ ਹੋਵੇਗਾ ਸਭ ਕਾਹਲਾਂ ਤੋਂ ਕੋਹਾਂ ਦੂਰ

ਵਾਸ ਤੇ ਪਰਵਾਸ ਵਿਚ
ਏਨਾ ਹੀ ਫ਼ਰਕ ਹੁੰਦਾ।



Academy of the Punjab in North America: http://www.apnaorg.com

## ਖ਼ਾਲੀ ਥਾਵਾਂ

ਜੰਗਲਾਂ-ਪਰਬਤਾਂ ਦੇ
ਹਰੇ-ਭਰੇ ਰਾਹਾਂ 'ਚੋਂ
ਸ਼ੂਕਦਾ ਹੋਇਆ ਗੁਜ਼ਰ ਜਾਂਦਾ ਹਾਂ ਮੈਂ
ਤੇਜ਼ ਦੌੜਦੀ ਰੇਲ ਵਿਚ ਬੈਠਾ

ਰਾਜਧਾਨੀ ਐਕਸਪ੍ਰੈਸ ਦਾ
ਏਅਰ-ਕੰਡੀਸ਼ਨ ਡੱਬਾ
ਅੰਦਰ ਬੈਠੇ ਤਿੰਨ ਵਿਦਵਾਨ
ਕਰਦੇ ਮਸ਼ਵਰੇ -
          ਲੈ ਜਾਣ ਦੇ
          ਦੇਸ਼ ਨੂੰ ਤਰੱਕੀ ਦੇ ਅਗਲੇ ਪੜਾਅ ਤੱਕ

ਸ਼ੀਸ਼ਿਆਂ 'ਤੇ ਟੰਗੇ ਸੋਹਣੇ ਪਰਦੇ
ਦੇ ਰਹੇ ਰੰਗਤ
ਅੰਦਰਲੇ ਮਾਹੌਲ ਨੂੰ
ਜਾਪਦਾ -
          'ਪਰੀ-ਕਥਾਵਾਂ' ਵਿਚਲੇ ਸੁਰਗਾਂ ਜਿਹਾ ਮਾਹੌਲ

ਬਾਹਰੋਂ ਇਕ ਕਾਤਰ ਵੀ ਚਾਨਣ ਦੀ
ਨਾ ਆ ਪਾਉਂਦੀ ਅੰਦਰ
ਟਿਊਬਾਂ ਦੀ ਦੂਧੀਆ ਰੌਸ਼ਨੀ ਵਿਚ
ਚਮਕ ਬਿਖੇਰਦੇ
ਹਸੂੰ-ਹਸੂੰ ਕਰਦੇ ਚਿਹਰੇ

ਮੈਨੂੰ ਅੰਦਰਲੀਆਂ ਗੱਲਾਂ ਤੋਂ ਉਕਾਹ ਆਉਂਦਾ
ਪਰਦਿਆਂ ਅੰਦਰ ਬੈਠ
ਕਿਵੇਂ ਹੋ ਸਕਦਾ ਅੰਦਾਜ਼ਾ
ਬਾਹਰਲੇ ਸੱਚ ਦਾ



Academy of the Punjab in North America: http://www.apnaorg.com

ਮੈਂ ਆਪਣੀ ਥਾਂ ਬੈਠਾ
ਸਰਕਾਉਂਦਾ ਹਾਂ ਪਰਦਾ

ਵੇਖਦਾ ਹਾਂ ਬਾਹਰ –
ਹਰੀ–ਭਰੀ ਧਰਤੀ
ਦੂਰ–ਦੂਰ ਤੱਕ ਜੰਗਲ–ਬੇਲੇ
ਦਰਖ਼ਤਾਂ ਦੇ ਪਿੰਡਾਂ ਦੇ ਸਿਰਨਾਵੇਂ
ਕੁਦਰਤ ਦੀ ਖੇਡ ਸਾਰੀ
'ਬਲਿਹਾਰੀ ਕੁਦਰਤ ਵੱਸਿਆ'

ਮੁੜਦਾ ਹਾਂ ਕੈਬਿਨ ਅੰਦਰ
ਸੁਣਦੀਆਂ ਵਿਕਾਸ ਦੀਆਂ ਨਵੀਆਂ ਸਕੀਮਾਂ –
ਜਿਥੇ ਵੀ ਖ਼ਾਲੀ ਥਾਂ ਮਿਲੇ
ਬਣਾ ਦੇਵੋ ਕਾਲੋਨੀਆਂ
ਵਿਛਾ ਦਿਓ ਸੜਕਾਂ–ਪੁਲਾਂ ਦਾ ਜਾਲ
ਕੋਈ ਰੋੜਾ ਨਾ ਰਹੇ
ਰਾਹ ਵਿਚ ਵਿਕਾਸ ਦੇ

ਮੈਂ ਦਵੰਦ ਵਿਚ ਫਸਿਆ
ਕਦੇ ਪਰਦਿਓਂ ਬਾਹਰ ਕੁਦਰਤ ਦੀ ਖੇਡ ਵੇਖਦਾ
ਕਦੇ ਕੈਬਿਨ ਅੰਦਰ ਮਨੁੱਖ ਦਾ 'ਵਿਕਾਸ'
ਮੈਂਨੂੰ ਅੰਦਰਲਿਆਂ ਤੋਂ ਭੈਅ ਆਉਂਦਾ
ਮੈਂ ਪਰਦੇ ਨਾਲ ਮੁੜ ਢਕ ਦਿੰਦਾ ਖਿੜਕੀ

ਚੰਗਾ ਹੈ
ਪਰਦੇ ਲੁਕੋ ਕੇ ਰੱਖਣ
ਖ਼ਾਲੀ ਥਾਵਾਂ।



Academy of the Punjab in North America: http://www.apnaorg.com

## ਫਰੈਂਚ-ਫ੍ਰਾਈਜ਼ – 1

ਵੀਕ-ਐਂਡ 'ਤੇ
ਜਾ ਬੈਠਦਾਂ ਮੈਂ
ਸ਼ਹਿਰ ਦੇ ਵੱਡੇ ਰੈਸਤਰਾਂ ਵਿਚ
ਨਹੀਂ ਜਿੱਤ ਪਾਉਂਦਾ
ਬੀਵੀ ਤੇ ਬੱਚੀ ਦੀ ਜ਼ਿਦ ਤੋਂ
ਮਹਿਕ ਉੱਠਦਾ –
ਦੋਵਾਂ ਦਾ ਤਨ-ਮਨ
ਪੁੱਛਣਾ ਚਾਹੁੰਨਾਂ –
'ਕੀ ਲਵੋਗੇ'
ਚੀਖ ਉੱਠਦੀ ਪਹਿਲਾਂ ਹੀ ਬੱਚੀ –
'ਫਰੈਂਚ-ਫ੍ਰਾਈਜ਼' ਦਾ 'ਲਾਰਜ' ਪੈਕਟ
ਖੁਸ਼ ਹੁੰਦੀ ਮਾਂ –
ਬੜੀ ਮਾਡਰਨ ਉਸਦੀ ਬੱਚੀ
ਤੁਰ ਜਾਂਦੀ ਉੱਠ ਕੇ
ਪਰਤ ਆਉਂਦੀ ਹੱਥ ਵਿਚ ਲੈ ਕੇ
'ਲਾਰਜ ਫਰੈਂਚ-ਫ੍ਰਾਈਜ਼' ਦਾ ਪੈਕਟ
ਬੜੇ ਮਜ਼ੇ ਨਾਲ ਖਾਂਦੇ ਰਹਿੰਦੇ
ਬੱਚੀ ਤੇ ਬੱਚੀ ਦੀ ਮਾਂ ਵੀ
'ਫੈਂਟੈਸੀ' ਹੈ ਬੱਚੀ ਦੇ ਲਈ –
ਵੱਡੇ ਰੈਸਤਰਾਂ ਵਿਚ ਬਹਿ ਕੇ
ਕਰਨਾ 'ਫਰੈਂਚ ਫ੍ਰਾਈਜ਼' ਦਾ ਸੇਵਨ
'ਸਟੇਟਸ ਸਿੰਬਲ' ਹੈ ਪਤਨੀ ਲਈ –
ਅਤੀ ਮਾਡਰਨ ਬੇਟੀ ਉਸਦੀ
ਵੀਕ-ਐਂਡ ਦਾ ਬਾਹਰ ਖਾਣਾ
ਕੋਈ ਭੂਮਿਕਾ ਨਹੀਂ



Academy of the Punjab in North America: http://www.apnaorg.com

‘ਫਰੈਂਚ ਫ੍ਰਾਈਜ਼’ ਦੀ
ਮੇਰੀ ਭੁੱਖ ਜਾਂ ਮੇਰੀ ਹੋਂਦ ਵਿਚ
ਜਾਪਦਾ –
        ਮੇਰੀ ਉਮਰ ਬੀਤ ਗਈ ਸ਼ਾਇਦ
        ਕਰਨ ਦੀ ਇਹ ਸਭ ਮਲ੍ਹਾਰ।
        – – –

ਨਜ਼ਰ ਸਾਹਮਣੇ ਮੇਜ਼ ’ਤੇ ਜਾਂਦੀ
ਬੈਠੇ ਦਿਸਦੇ ਦੋ ਬਜ਼ੁਰਗ ਆਦਮੀ
ਹੌਲੀ–ਹੌਲੀ ਚਿੱਥਦੇ–ਮੁਕਾਉਂਦੇ
ਹੱਥ ਵਿਚ ਫੜੀਆਂ ‘ਫਰੈਂਚ–ਫ੍ਰਾਈਜ਼’
ਚਲਦਾ ਰਹਿੰਦਾ ਗੱਲਾਂ ਦਾ ਸਿਲਸਿਲਾ
ਚੁੱਕਦੇ ਅਗਲੀ ਫ੍ਰਾਈ
ਹੌਲੀ–ਹੌਲੀ
ਸਹਿਜੇ–ਸਹਿਜੇ
ਮੁੱਕਦੇ–ਮੁੱਕਦੇ
ਖ਼ਤਮ ਹੋ ਜਾਂਦਾ
ਮੇਜ਼ ’ਤੇ ਪਿਆ
‘ਫਰੈਂਚ–ਫ੍ਰਾਈਜ਼’ ਦਾ ਪੈਕਟ
ਉੱਠਦੇ
ਹੱਥ ਮਿਲਾਉਂਦੇ
ਤੁਰ ਜਾਂਦੇ
ਸੀਲ ਹੋ ਜਾਂਦੀ ਜਿਵੇਂ
ਵਪਾਰ ਦੀ ਕੋਈ ਨਵੀਂ ਡੀਲ
– – –



Academy of the Punjab in North America: http://www.apnaorg.com

ਮੈਂ ਸੋਚਦਾ
ਕਿੰਨੇ ਰੂਪਾਂ ਵਿਚ ਢਲ ਜਾਂਦੀਆਂ
'ਫਰੈਂਚ-ਫ੍ਰਾਈਜ਼'
ਬਣਦੀਆਂ ਸਬੱਬ -
    'ਟਾਈਮ-ਪਾਸ'
    'ਫੈਂਟੈਸੀ'
    'ਸਟੇਟਸ'
    'ਡੀਲ'
    ਹੋਰ ਬੜੇ ਕੁਝ ਦਾ
- - -
ਉੱਠ ਖੜ੍ਹੋਂਦੇ ਘਰ ਜਾਣ ਲਈ
ਬੱਚੀ ਦੇ ਹੱਥ ਵਿਚ ਹੁੰਦਾ
'ਫਰੈਂਚ-ਫ੍ਰਾਈਜ਼' ਦਾ ਇਕ ਨਵਾਂ ਪੈਕਟ
ਬਾਹਰ ਆਉਣ 'ਤੇ ਮਿਲਦਾ
ਆਪਣੀਆਂ ਭੁੱਖਾਂ-ਪਿਆਸਾਂ ਸੰਗ ਘੁਲਦਾ
ਹੱਥ ਫੈਲਾਈ ਭੁੱਖ ਦਾ ਤੋੜ ਲੱਭਦਾ
ਨਿੱਕਾ ਬੱਚਾ
ਰਹਿਮ ਆ ਜਾਂਦਾ ਬੱਚੀ ਦੇ ਮਨ
ਰੱਖ ਦਿੰਦੀ -
    ਦੋ 'ਫਰੈਂਚ-ਫ੍ਰਾਈਜ਼'
    ਹੱਥ ਉਸਦੇ 'ਤੇ
ਤੁਰ ਜਾਂਦੀ ਅੱਗੇ

ਮੇਰੀ ਨਜ਼ਰ ਟਿਕੀ ਰਹਿੰਦੀ
ਉਸ ਹੱਥ 'ਤੇ
ਜਾਣਨਾ ਲੋਚਦਾਂ ਮੈਂ -
    ਭੁੱਖ ਤੇ 'ਫਰੈਂਚ-ਫ੍ਰਾਈਜ਼' ਦਾ ਅੰਤਰ-ਸਬੰਧ।



Academy of the Punjab in North America: http://www.apnaorg.com

## ਫਰੈਂਚ–ਫ੍ਰਾਈਜ਼ – 2

ਆਪਣੀ ਮਾਂ ਤੋਂ 'ਪੌਕੇਟ ਮਨੀ' ਲੈ
'ਫਰੈਂਚ–ਫ੍ਰਾਈਜ਼' ਖਾਂਦੀ
ਬੱਚੀ ਨੂੰ ਵੇਖ
ਮੈਂਨੂੰ ਚੇਤਾ ਆ ਜਾਂਦਾ
ਮੇਰੇ ਬਚਪਨ ਦਾ –
    ਨੌਂਮੀ ਦੇ ਮੇਲੇ 'ਤੇ
    ਦਾਦੀ ਤੋਂ ਮਿਲਦੇ ਪੰਜ ਰੁਪਈਏ
    ਆੜੀਆਂ ਨਾਲ ਪੈਸੇ ਜੋੜ–ਜੋੜ
    ਮੇਲੇ ਵਿਚ ਖਾਂਦੇ –
        ਆਲੂ–ਪਿਆਜ਼–ਮਿਰਚਾਂ ਦੇ ਪਕੌੜੇ
        ਜਲੇਬੀਆਂ
    ਨੱਚਦੇ–ਖੇਡਦੇ
    ਹੱਸਦੇ–ਗਾਉਂਦੇ
    ਮੌਜਾਂ ਕਰ ਕੇ
    ਘਰ ਨੂੰ ਆਉਂਦੇ
ਬੜਾ ਸੁਹਾਉਂਦਾ
ਯਾਦ ਆਉਂਦਾ ਜਦ ਮੇਰਾ ਬਚਪਨ

ਬੱਚੀ ਵਲ ਵੇਖਾਂ
ਲੈਂਦੀ ਹੈ 'ਪੌਕੇਟ ਮਨੀ' ਹਰ ਹਫ਼ਤੇ
ਖਾਂਦੀ ਰਹਿੰਦੀ –
    'ਫਰੈਂਚ–ਫ੍ਰਾਈਜ਼'
    'ਚਿਪਸ'
    ਹੋਰ ਬੜਾ ਨਿੱਕਸੁੱਕ



Academy of the Punjab in North America: http://www.apnaorg.com

ਆਪ ਖ਼ਰੀਦਦੀ
ਆਪ ਮੁਕਾਉਂਦੀ
ਜਾਂ ਫ਼ਿਰ ਸਾਂਝ ਹੈ ਮਾਂ ਨਾਲ ਪਾਉਂਦੀ
ਮੇਰੀਆਂ ਅੱਖਾਂ ਸਾਹਵੇਂ ਬੀਤਦਾ
ਨਵਾਂ ਨਿਰਾਲਾ ਉਸਦਾ ਬਚਪਨ

ਬੜਾ ਫੈਲ ਗਿਆ ਹੈ ਬਚਪਨ –
ਆਲੂ ਦੇ ਪਕੌੜਿਆਂ ਤੋਂ
ਆਲੂ ਦੀਆਂ 'ਫਰੈਂਚ–ਫ੍ਰਾਈਜ਼' ਤੱਕ
ਬੜਾ ਸਿਮਟ ਗਿਆ ਹੈ ਬਚਪਨ –
ਯਾਰਾਂ–ਬੇਲੀਆਂ–ਮਿੱਤਰਾਂ ਤੋਂ
ਕੇਵਲ ਆਪਣੀ ਮਾਂ ਤੀਕਰ ਹੀ।



Academy of the Punjab in North America: http://www.apnaorg.com

## ਸਿਮਰਤੀਆਂ ਦੇ ਪਰਛਾਵੇਂ – 1

ਵਰ੍ਹਿਆਂ ਦੀ ਵਿੱਥ ਪਿੱਛੋਂ ਮਿਲਦਾ ਹੈ
ਚਿਰਾਂ ਦਾ ਵਿਛੜਿਆ ਮਿੱਤਰ
ਭੁੱਲ-ਭੁਲਾ ਚੁੱਕੀਆਂ ਹੁੰਦੀਆਂ –
          ਨੈਣਾਂ ਨਕਸ਼ਾਂ ਦੇ ਪਰਛਾਵਿਆਂ ਵਰਗੀਆਂ ਸਿਮਰਤੀਆਂ
ਅੱਖਾਂ ਦੀ ਚੰਚਲਤਾ
ਬਣ ਚੁੱਕੀ ਹੁੰਦੀ –
          ਐਨਕ ਦੇ ਸ਼ੀਸ਼ਿਆਂ ਮਗਰ ਲੁਕੇ
          ਟੋਇਆਂ ਦੀ ਡੂੰਘਾਈ
ਮੁੱਛ-ਫੁੱਟ ਚਿਹਰੇ ਦੀ ਮੁਸਕਾਨ
ਗੁਆਚ ਚੁੱਕੀ ਹੁੰਦੀ –
          ਕਬੀਲਦਾਰੀ ਦੀਆਂ ਤੈਹਾਂ ਹੇਠਾਂ
ਬੜਾ ਕੁਝ ਪੁਰਾਣਾ
ਜਾਪਦਾ ਸੀ ਜੋ ਤਰੋ-ਤਾਜ਼ਾ ਹੁਣ ਤੱਕ ਵੀ
ਸੱਜਰਾ ਹੋ ਕੇ ਵੀ ਜਾਪਦਾ –
          ਬੇਹਾ-ਬੇਹਾ ਜਿਹਾ।



Academy of the Punjab in North America: http://www.apnaorg.com

## ਸਿਮਰਤੀਆਂ ਦੇ ਪਰਛਾਵੇਂ – 2

ਚਿਰਾਂ ਦਾ ਵਿਛੜਿਆ ਮਿੱਤਰ
ਮਿਲਦਾ –
          ਵਰ੍ਹਿਆਂ ਦੀ ਵਿੱਥ ਪਿੱਛੋਂ
ਉੱਡ ਕੇ ਮਿਲਦਾ ਮੈਂ ਉਸਨੂੰ
ਵਿੰਹਦਾ ਰਹਿੰਦਾ –
          ਉਸਦੀਆਂ ਅੱਖਾਂ
          ਚਿਹਰਾ
          ਨੁਹਾਰ
ਫੜਨਾ ਚਾਹੁੰਦਾ –
          ਉਸਦੇ ਬੀਤੇ ਦੇ ਨਿਸ਼ਾਨ
ਆਪ ਮੁਹਾਰੇ ਫੁੱਟਦੇ ਰਹਿੰਦੇ –
          ਸ਼ਬਦਾਂ ਦੇ ਦਰਿਆ

ਬਣਨ ਲੱਗਦੀ ਇਕ ਸਾਂਝ ਜਿਹੀ ਫ਼ਿਰ ਤੋਂ
ਮਿਲਣ ਲੱਗਦੇ ਹਰ ਰੋਜ਼ ਹੀ
ਕੰਮ ’ਤੇ ਜਾਂਦਿਆਂ –
          ਬੱਸ ਵਿਚ
ਮੰਜ਼ਿਲਾਂ ਵੱਖ–ਵੱਖ –
          ਸਬੱਬ ਇਕ ਹੁੰਦਾ

ਇਕ ਦਿਨ
ਦੋ ਦਿਨ
ਹਰ ਰੋਜ਼ ਮਿਲਦੇ



Academy of the Punjab in North America: http://www.apnaorg.com

ਹੁਣ ਨਹੀਂ ਵੇਖਦਾ
ਉਸ ਮਿੱਤਰ ਦੀਆਂ ਅੱਖਾਂ ਵਿਚ
ਨਹੀਂ ਟੋਲ੍ਹਦਾ ਹੁਣ –
ਸਿਮਰਤੀਆਂ ਦੇ ਪਰਛਾਵੇਂ
ਬੱਸ ਵਿਚ ਚੜ੍ਹਦਾ ਹਾਂ
ਉਸ ਨਾਲ ਖਾਲੀ ਪਈ ਸੀਟ ’ਤੇ ਬੈਠਦਾਂ
ਕਰਦਾ ਹਾਂ ਦੋ ਕੁ ਆਮ ਜਿਹੀਆਂ ਗੱਲਾਂ
ਖੋਲ੍ਹ ਲੈਂਦਾ ਹਾਂ ਕੋਈ ਕਿਤਾਬ
ਸਹਿਜ ਹੋ ਗਿਆ ਹੁੰਦਾ ਹੈ –
ਉਸ ਦਾ ਮਿਲਣਾ
ਤੇ ਮੈਂ ਕਿਤਾਬਾਂ ਨੂੰ –
ਪੁਰਾਣੀਆਂ ਯਾਦਾਂ ਵਾਂਗ ਫਰੋਲਦਾ ਹਾਂ।



Academy of the Punjab in North America: http://www.apnaorg.com

## ਪਾਈਨ-ਬੀਟਲ – 1

*(e?B/vk d/ fpqfNF e'bzphnk ftub/ w;b/ 'Pine-beatle epidemic' pko/)*

ਬਿਰਖ਼ ਸਾਂ ਮੈਂ ਪਾਈਨ ਦਾ
ਕਦ ਉੱਗ ਆਇਆ
ਪਤਾ ਨਾ ਲੱਗਿਆ

ਫ਼ਿਰ
ਕਦ ਹੋਰ ਵੀ ਪਾਈਨ ਆ ਗਏ ਮੇਰੇ ਲਾਗੇ
ਸਮਝ ਨਾ ਆਈ

ਇੱਕ-ਦੋ ਕਰ
ਪਰਿਵਾਰ ਬਣ ਗਿਆ
ਸ਼ਾਨ ਬਣ ਗਿਆ ਕੁੱਲ ਸ਼ਹਿਰ ਦੀ –
ਮੇਰਾ ਟੱਬਰ

ਹਰਿਆਲੀ ਦਾ ਬੀਜ ਪੁੰਗਰਿਆ
ਸਭ ਪਾਸੇ ਹਰਿਆਵਲ ਹੋਈ

ਹੁਣ ਇਹ ਕੈਸਾ ਦੌਰ ਹੈ ਆਇਆ
ਕੌਣ ਇਹ ਮੈਂਨੂੰ ਖਾਣ ਲੱਗਿਆ
ਹਰੇ ਤੋਂ ਮੈਂ ਕਿਉਂ ਭੂਰਾ ਹੁੰਨਾਂ
ਭੂਰਾ ਹੋ ਕੇ ਕਿਉਂ ਡਿਗ ਜਾਂਨਾਂ
ਮੈਂ ਤੇ ਮੇਰਾ ਟੱਬਰ ਸਾਰਾ
ਮੌਤ ਦੇ ਮੂੰਹ ਵਿੱਚ ਸਰਕ ਰਹੇ ਹਾਂ –
ਹਰ ਪਲ ਹਰ ਛਿਣ
ਸ਼ਹਿਰ ਜਿਵੇਂ ਵੀਰਾਨਾ ਕੋਈ।



Academy of the Punjab in North America: http://www.apnaorg.com

## ਪਾਈਨ-ਬੀਟਲ - 2

ਮੈਂ ਬੀਟਲ ਹਾਂ
ਜਾਇਆ ਹਾਂ ਏਸੇ ਕੁਦਰਤ ਦਾ
ਮੇਰਾ ਵੀ ਪਰਿਵਾਰ ਹੈ ਸਾਰਾ
ਮੇਰਾ ਭੋਜਨ -
          ਬਿਰਖ਼ ਪਾਈਨ ਦਾ
ਉਸ ਤੋਂ ਬਿਨ ਤਾਂ ਜੀਅ ਨਹੀਂ ਸਕਦਾ
ਹੋਰ ਤਾਂ ਕੁਝ ਵੀ ਪਚਦਾ ਨਾਹੀਂ

ਖਾਦੇ-ਖਾਦੇ
ਵੇਖ ਰਿਹਾ ਹਾਂ -
          ਹਰਿਆਵਲ ਸਭ ਖ਼ਤਮ ਹੋ ਰਹੀ

ਫ਼ਿਕਰ ਨਾਲ਼ ਮੈਂ ਮਰਦਾ ਜਾਵਾਂ -
          ਨਾ ਖਾਵਾਂ ਤਾਂ ਮੈਂ ਮਰ ਜਾਨਾਂ
ਇਹ ਮਰ ਜਾਂਦੇ ਜੇ ਮੈਂ ਖਾਵਾਂ ।



Academy of the Punjab in North America: http://www.apnaorg.com

## ਜ਼ਮੀਨ ਵਲ ਮੁੜਦਾ ਜਹਾਜ਼

1.
ਜ਼ਮੀਨ ਵਲ ਮੁੜਦਾ ਜਹਾਜ਼
ਅੱਖਾਂ 'ਚ ਹੋਰ ਚਮਕ ਉੱਠਦੀ
ਉਮੰਗਾਂ ਦੀ ਲਿਸ਼ਕੋਰ

2.
ਜ਼ਮੀਨ ਵਲ ਮੁੜਦਾ ਜਹਾਜ਼
ਇਕ ਸੁਹਾਣੇ ਸਫ਼ਰ ਦਾ ਅੰਤ
ਇਕ ਸੁਹਾਣੇ ਸਫ਼ਰ ਦਾ ਆਰੰਭ

3.
ਜ਼ਮੀਨ ਵਲ ਮੁੜਦਾ ਜਹਾਜ਼
ਮਿੱਤਰ-ਮਿਲਣੀ ਦਾ ਵੇਲਾ
ਅੱਖਾਂ 'ਚ ਤੈਰਦੇ ਪਾਣੀ ਬਣ -
ਦਿਨ
ਮਹੀਨੇ
ਸਾਲ



Academy of the Punjab in North America: http://www.apnaorg.com

# ਸ਼ਹਿਰ, ਫੈਂਟੇਸੀ ਤੇ ਪਿੰਡ

ਮੇਰੇ ਪਿੰਡ ਦੇ
ਹਰੇ ਭਰੇ ਖੇਤਾਂ ਦੀ ਮੂਰਤ ਵੇਖ
ਜਦ ਆਖਦੀ ਹੈਂ ਤੂੰ –
          'ਮੈਂ ਵੀ ਪਿੰਡ ਵੇਖਣਾ ਹੈ'
ਤਾਂ ਮੈਂ ਰੀਝ ਨਾਲ ਲੈ ਆਉਂਦਾ ਹਾਂ
ਆਪਣੇ ਨਾਲ ਤੈਂਨੂੰ ਪਿੰਡ ਵਿਚ
ਖੇਤਾਂ 'ਚ ਉੱਗੀ ਫ਼ਸਲ ਦੀ ਜੋ ਮੂਰਤ
ਲੁਭਾ ਗਈ ਸੀ ਤੈਂਨੂੰ
ਉਸਦਾ ਸੱਚ –
          ਤੈਂਨੂੰ ਭੈਭੀਤ ਕਰ ਜਾਂਦਾ ਹੈ
ਹਾੜ੍ਹ ਦੀ ਤਪਦੀ ਧੁੱਪ ਵਿਚ
ਭੱਠੀ ਵਾਂਗ ਬਲਦਾ ਪਿੰਡ
ਉਵੇਂ ਦਾ ਨਹੀਂ ਦਿਸਦਾ ਤੈਂਨੂੰ
ਨਜ਼ਰ ਆਉਂਦਾ ਸੀ ਜਿਵੇਂ –
          ਤੇਰੇ ਸ਼ਹਿਰ ਦੇ
          ਏਅਰ–ਕੰਡੀਸ਼ਨਡ ਕਮਰੇ ਵਿਚ ਲੱਗੀ
          ਮੂਰਤ ਤੱਕ ਕੇ

ਤੂੰ
ਤੇ ਤੇਰੇ ਸ਼ਹਿਰ ਦੇ ਵਾਸੀ
ਅਜਿਹੀਆਂ ਕਿੰਨੀਆਂ ਹੀ ਮੂਰਤਾਂ ਤੱਕ ਕੇ
'ਫੈਂਟੇਸਾਈਜ਼' ਕਰ ਲੈਂਦੇ ਹੋ ਕਈ ਕੁਝ
ਸੱਚ ਤੋਂ ਦੂਰ ਬੈਠਿਆਂ ਤੁਹਾਨੂੰ
ਸੋਹਣਾ ਤੇ ਲੁਭਾਵਣਾ ਜਾਪਦਾ ਹੈ ਜੋ ਸੱਚ
ਉਸਨੂੰ ਇਕ ਹੀ ਪਲ ਜੀਅ ਕੇ
ਤ੍ਰਭਕ ਜਾਂਦੇ ਹੋ ਤੁਸੀਂ



Academy of the Punjab in North America: http://www.apnaorg.com

ਭਰਮ ਵਿਚ ਜਿਊਂਦੇ ਹੋ ਤੁਸੀਂ
ਅਨੇਕਾਂ ਵਸਤਾਂ ਨੂੰ ਮੋਹ ਕਰਨ ਦੇ
ਤੁਹਾਨੂੰ ਦਿਸਦੀ ਹੈ ਉਹਨਾਂ ਵਿਚੋਂ –
ਤੁਹਾਡੇ ਵਡਾਰੂਆਂ ਦੇ 'ਕਲਚਰ' ਦੀ ਅਮੀਰੀ
ਉਸ 'ਕਲਚਰ' ਪਿਛਲੇ
ਸੱਚਾਈਆਂ ਦੇ ਢੇਰ ਤੋਂ
ਤੁਸੀਂ ਮੂੰਹ ਫੇਰ ਲੈਂਦੇ ਹੋ ਪਰ

ਸ਼ਹਿਰ ਦੇ ਠੰਢੇ ਰੈਸਤਰਾਂ ਦੇ
ਖ਼ੁਸ਼ਨੁਮਾ ਮਾਹੌਲ ਵਿਚ
ਬੜੇ ਚਾਅ ਨਾਲ ਮੰਗਾਉਂਦੇ ਹੋ ਤੁਸੀਂ –
'ਮੱਕੀ ਦੀ ਰੋਟੀ
ਸਰ੍ਹੋਂ ਦਾ ਸਾਗ'
ਜਿਊਣਾ ਲੋਚਦੇ ਹੋਂ –
ਪੁਰਖ਼ਿਆਂ ਦੇ ਜੀਵਨ ਦੀ ਅਮੀਰੀ
ਤੁਸੀਂ ਸਮਝ ਵੀ ਕਿਵੇਂ ਸਕਦੇ ਹੋ
ਉਸ ਖਾਣੇ ਦੇ ਪਿੱਛੇ ਪਏ
ਗੁਰਬਤ ਵਿਚ ਹੰਢਾਏ
ਜੁਗਾਂ ਵਰਗੇ ਪਲ

ਤੁਹਾਨੂੰ ਉਹ ਜੀਵਨ ਨਹੀਂ
ਉਸ ਜੀਵਨ ਦੀ 'ਫੈਂਟੇਸੀ' ਸੋਭਦੀ ਹੈ।

ਤੁਸੀਂ
ਫੁੱਟਪਾਥ 'ਤੇ ਲੰਮਿਆਂ ਪੈ ਕੇ
ਫੋਟੋ ਤਾਂ ਖਿਚਵਾ ਸਕਦੇ ਹੋ



Academy of the Punjab in North America: http://www.apnaorg.com

ਫੁੱਟਪਾਥ ’ਤੇ ਦੋ ਪਲ ਤੁਰ ਨਹੀਂ ਸਕਦੇ
ਖ਼ੂਹ ਦੀਆਂ ਟਿੰਡਾਂ ਬਾਰੇ
ਗੀਤ ਤਾਂ ਸੁਣ ਸਕਦੇ ਹੋ ਤੁਸੀਂ
ਖ਼ੂਹ ਦੇ ਪਾਣੀ ’ਚੋਂ
ਤੁਹਾਨੂੰ ਦੁਰਗੰਧ ਆਉਂਦੀ ਹੈ

ਸੜਕਾਂ ’ਤੇ ਸੌਂਦੀ ਜਵਾਨੀ
ਅੱਗ ਵਰਗੀ ਧੁੱਪ ਵਿਚ ਸੜਦਾ ਜੀਵਨ
ਖੇਤਾਂ ਵਿਚ ਮਿੱਟੀ ਹੁੰਦੇ ਕਿਸਾਨ
ਜਿਸ ਮੂਰਤ ਵਿਚ ਤੁਹਾਨੂੰ
ਜੀਵਨ ਦੀ ਫੈਂਟੇਸੀ ਦਿਸਦੀ ਹੈ
ਉਸਦੀਆਂ ਅੱਖਾਂ ਵਿਚ
ਸਿੱਧਾ ਝਾਕਣ ਦਾ ਜੇਰਾ ਵੀ
ਤੁਹਾਡਾ ਸ਼ਹਿਰ ਨਹੀਂ ਕਰ ਸਕਦਾ।



Academy of the Punjab in North America: http://www.apnaorg.com

## ਹੋਂਦ ਵਿਚ ਪੁਰਖ਼ੇ

ਆਪਣੇ ਦੌਰ ਦੀਆਂ ਘਟਨਾਵਾਂ
ਸੰਗੀਤ ਆਪਣੇ ਵੇਲੇ ਦਾ
ਆਪਣੇ ਸਮਿਆਂ ਦੀਆਂ ਹੋਣੀਆਂ ਤੋਂ
ਮੁਨਕਰ ਹੋ
ਪਤਾ ਨਹੀਂ ਕਿਹੜੇ ਵੇਲੇ
ਜਾ ਜੁੜਦਾ ਹਾਂ ਮੈਂ
ਬੀਤੇ ਸਮਿਆਂ ਨਾਲ

ਦੰਦ-ਕਥਾਵਾਂ
ਸੰਗੀਤ
ਹੋਣੀਆਂ-ਅਣਹੋਣੀਆਂ
ਗੁਜ਼ਰੇ ਕੱਲ੍ਹ ਦੀਆਂ –
ਬੀਤਦੀਆਂ ਰਹਿੰਦੀਆਂ
ਮੇਰੇ ਅੰਗ-ਸੰਗ।

ਅੱਜ ਤੋਂ ਦੂਰੀ ਚਾਹ ਕੇ
ਜਾ ਜੁੜਦਾ ਜੋ
ਬੀਤ ਗਏ ਕੱਲ੍ਹ ਨਾਲ
ਕਿੰਝ ਹੋ ਸਕਦਾ ਹਾਂ ਉਹ –
ਅੱਜ ਦੇ ਦੌਰ ਦਾ ਮੈਂ ?

ਆਪਣੇ ਹੀ ਅੰਦਰ
ਗੁੱਝੀ ਝਾਤ ਮਾਰਦਾਂ
ਤਾਂ ਆਉਂਦੇ ਨਜ਼ਰੀਂ
ਬੀਤੇ ਦੀ ਬੁੱਕਲ 'ਚ ਸਮੋਏ



Academy of the Punjab in North America: http://www.apnaorg.com

ਇਤਿਹਾਸ ਦਾ ਹਿੱਸਾ ਬਣ ਚੁੱਕੇ
ਮੇਰੇ ਪੁਰਖ਼ੇ –
ਜਿਊਂਦੇ ਹਨ ਜੋ
ਆਪਣੇ 'ਜੀਨਜ਼' ਦੇ ਰੂਪ ਵਿਚ
ਮੇਰੇ ਅੰਦਰ ਚਿਰਾਂ ਤੋਂ।

ਪੁਰਖ਼ਿਆਂ ਦੀ ਹੋਂਦ
ਭਾਰੂ ਹੈ ਮੇਰੇ ਨਿੱਜ 'ਤੇ
ਸੰਗੀਤ ਮੈਂ ਸੁਣਦਾ ਹਾਂ –
ਝੂਮਦੇ ਪੁਰਖ਼ੇ ਰਹਿੰਦੇ
ਦੰਦ-ਕਥਾਵਾਂ ਮੇਰੇ ਜ਼ਿਹਨ ਵਿਚ ਸਮਾਉਂਦੀਆਂ –
ਹੁੰਗਾਰਾ ਭਰਦੇ ਨੇ ਪੁਰਖ਼ੇ
ਹੋਣੀਆਂ ਨੂੰ ਪੜ੍ਹਦਾ ਹਾਂ ਮੈਂ –
ਪੁਰਖ਼ੇ ਹੋਣੀਆਂ ਵਿਚ ਜੀਵੰਤ ਹੁੰਦੇ।

ਬੰਦਾ ਆਧੁਨਿਕ ਯੁਗ ਵਿਚ ਜੀਵੇ-ਵਿਚਰੇ
ਜਾਂ ਉੱਤਰ-ਆਧੁਨਿਕ ਕਾਲ ਵਿਚ
ਬੀਤੇ ਯੁਗਾਂ-ਕਾਲਾਂ ਵਿਚ ਜੀਵੇ-ਮੋਏ
ਪੁਰਖ਼ੇ ਓਸਦੇ –
ਬੰਦੇ ਦੇ ਨਾਲ-ਨਾਲ ਜਿਊਂਦੇ।



Academy of the Punjab in North America: http://www.apnaorg.com

## ਜਿਊਂਦਿਆਂ ਵਰਗਾ ਹੋਣਾ

ਬੀਤ ਜਾਂਦਾ ਹੈ ਆਦਮੀ
ਬੀਤਦਾ-ਬੀਤਦਾ
ਦਿਨਾਂ- ਮਹੀਨਿਆਂ ਦੇ ਵਕਫ਼ੇ ਵਿਚ ਹੀ
ਹੋਰ ਦਾ ਹੋਰ ਹੋ ਜਾਂਦਾ ਹੈ ਬੰਦਾ
ਘਰ ਦੀ ਉਸਾਰੀ ਵਿਚ
ਢਹਿ ਜਾਂਦਾ ਹੈ ਮਨ ਦਾ ਮਹਿਲ
ਖ਼ਪ ਜਾਂਦਾ ਬੰਦਾ -
ਸਾਬਤ- ਸਬੂਤਾ

ਕੁਝ ਵਰ੍ਹੇ ਪਹਿਲਾਂ ਮਿਲਿਆ
ਛੇ ਫੁੱਟਾ ਘੋਗਾ ਪਹਿਲਵਾਨ-
ਕੰਬਦੀ ਸੀ ਧਰਤ ਜਿਸਦੀ ਬੜ੍ਹਕ ਤੋਂ
ਛਿੰਝ ਵਿਚ ਗੱਡੀ ਝੰਡੀ ਜਿਸਦੀ
ਰਹਿ ਜਾਂਦੀ ਸੀ ਕੋਹਾਂ ਦੂਰ
ਭਲਵਾਨਾਂ ਦੀ ਪਹੁੰਚ ਤੋਂ

ਹੁਣ ਮਿਲਦਾ ਘੋਗਾ
ਜਾਪਦਾ ਮੁੱਕਿਆ- ਬੀਤਿਆ
ਖ਼ਪ ਗਈ ਹੁੰਦੀ
ਘੋਗੇ ਦੀ ਭਰੀ ਜਵਾਨੀ
ਘਰ ਦੇ ਕੰਧਾਂ-ਕੌਲਿਆਂ ਵਿਚ
ਕੁਝ ਕੁ ਵਰ੍ਹੇ ਹੀ ਲਗਦੇ-
ਘੋਗੇ ਦੇ ਘੋਗੀ ਬਣਨ ਵਿਚ
ਤੇ ਘੋਗੀ-
ਬੀਤ ਚੁੱਕੇ ਕੱਲ੍ਹ ਦਾ ਨਾਂ ਹੁੰਦਾ



Academy of the Punjab in North America: http://www.apnaorg.com

ਔਰਤ ਨੂੰ ਵੀ
ਇਉਂ ਹੀ ਚਿਣ ਲੈਂਦਾ ਘਰ–
ਆਪਣੀਆਂ ਦੀਵਾਰਾਂ ਅੰਦਰ
ਹੱਸਦੀ – ਖੇਡਦੀ
ਮੌਜਾਂ ਮਾਣਦੀ
ਅੱਧੇ ਪਿੰਡ ਨੂੰ ਬਲੌਰੀ ਅੱਖਾਂ 'ਤੇ ਨਚਾਈ ਫ਼ਿਰਦੀ
ਭਰ ਜਵਾਨ ਪ੍ਰੀਤੋ–
ਭੁੱਲ ਜਾਂਦੀ ਮੜਕਵੀਂ ਚਾਲ
ਕੁਝ ਹੀ ਸਾਲਾਂ ਅੰਦਰ
ਕੰਤ ਦਾ ਘਰ ਬਣਾਉਣ ਵਿਚ
ਖ਼ਪ ਜਾਂਦੇ–
ਪ੍ਰੀਤੋ ਦੇ ਚਾਅ
ਹੁਸਨ
ਸੱਧਰਾਂ
ਇਕ ਭੀੜ ਵਿਚ ਰਲ ਕੇ ਜਾਂਦੀ ਪ੍ਰੀਤੋ–
ਕਦੇ ਗੀਤ ਗਾਉਣ
ਤੇ ਜਾਂਦੀ ਰੋਣ ਕਦੇ
ਗਾਉਂਦਿਆਂ–ਰੋਂਦਿਆਂ
ਵਿਸਰ ਜਾਂਦਾ ਅਸਲੋਂ ਹੀ–
ਗਾਉਣ ਤੇ ਰੋਣ।

ਇਓਂ ਹੀ ਜਿਊਂਦਿਆਂ–ਜਿਊਂਦਿਆਂ
ਸਿੱਖ ਜਾਂਦਾ ਹੈ ਬੰਦਾ
ਮਸ਼ੀਨ ਵਾਂਗ ਜਿਊਣਾ



Academy of the Punjab in North America: http://www.apnaorg.com

ਘਰ ਵਿਚ
          ਪਤੀ-ਬਾਪ-ਬੇਟਾ ਬਣਨਾ
ਦਫ਼ਤਰ ਵਿਚ -
          ਇਕ ਪਲ-ਸਾਹਬ
          ਦੂਜੇ ਪਲ ਗ਼ੁਲਾਮ ਹੋਣਾ
ਬਜ਼ਾਰ ਵਿਚ -
          ਕਦੇ ਖ਼ਰੀਦਦਾਰ
          ਕਦੇ ਉਤਪਾਦ ਬਣ ਖੜਨਾ
ਬਿਸਤਰ ਵਿਚ -
          ਭੋਗਣਾ ਤੇ ਭੋਗੇ ਜਾਣਾ
ਆ ਜਾਂਦਾ ਹੈ ਸਭ ਕੁਝ ਕਰਨਾ
ਬੰਦੇ ਤਾਈਂ
ਹੌਲੀ-ਹੌਲੀ

ਕੁਝ ਰਹਿ ਜਾਂਦਾ
ਤਾਂ ਬੱਸ-
          ਜਿਊਣਾ
          ਜਿਊਂਦਿਆਂ ਵਰਗਾ ਹੋਣਾ।



Academy of the Punjab in North America: http://www.apnaorg.com

## ਪੌਣ ਸੁਣੇ ਮੈਂ ਗਾਵਾਂ

ਵਗਦੇ ਪਾਣੀ ਸੰਗ ਤੁਰਦਿਆਂ ਜਿਉਂ
ਮਹਿਕਾਂ ਵੰਡਣ 'ਵਾਵਾਂ
ਇਉਂ ਬੰਦੇ ਸੰਗ ਤੁਰਦਾ ਰਹਿੰਦਾ
ਯਾਦਾਂ ਦਾ ਪਰਛਾਵਾਂ

ਬੀਤੇ ਵੇਲੇ – ਮੰਦੇ ਚੰਗੇ
ਤੈਰਨ ਪਲਕਾਂ ਓਹਲੇ
ਆਪ-ਮੁਹਾਰਾ ਹੋ ਕੇ ਮਨ
ਯਾਦਾਂ ਦੀ ਗਠੜੀ ਖੋਲ੍ਹੇ
ਆਪਣਿਆਂ ਨੂੰ ਕਦ ਭੁੱਲਦਾ ਹੈ
ਆਪਣਿਆਂ ਦਾ ਸਿਰਨਾਵਾਂ

ਕਦੇ ਬਿਖਰਦੇ ਕਦੇ ਸਿਮਟਦੇ
ਸੁਫ਼ਨੇ ਪੈਲਾਂ ਪਾਉਂਦੇ
ਨ੍ਹੇਰੇ ਦੇ ਮੌਸਮ ਵਿਚ ਵੀ
ਬਣ ਜੁਗਨੂੰ ਰਾਹ ਰੁਸ਼ਨਾਉਂਦੇ
ਸੁਫ਼ਨੇ ਵਾਲੇ ਭਲਕ ਨੂੰ ਅੱਪੜੇ
ਐਸਾ ਅੱਜ ਬਣਾਵਾਂ

ਮਾਰੂਥਲ ਦੀ ਤਪਦੀ ਧੁੱਪ ਜਾਂ
ਸੀਤ ਹਵਾ ਦਾ ਬੁੱਲਾ
ਵਸਦੇ-ਰਸਦੇ ਘਰ ਅੰਦਰ ਕਦ
ਠੰਢਾ ਹੁੰਦਾ ਚੁੱਲ੍ਹਾ
ਵਸਦੇ ਘਰ ਦੀ, ਖੁੱਲ੍ਹਦੇ ਦਰ ਦੀ
ਬਹਿ ਜਾ ਬਾਤ ਸੁਣਾਵਾਂ



Academy of the Punjab in North America: http://www.apnaorg.com

ਮਸਤੀ ਦੇ ਵਿਚ ਮਨ ਦਾ ਪੰਛੀ
ਨੱਚਦਾ, ਉੱਡਦਾ, ਗਾਉਂਦਾ
ਆਪ ਟਹਿਕਦਾ ਨਾਲੇ ਫਿਰਦਾ
ਚੌਗਿਰਦਾ ਮਹਿਕਾਉਂਦਾ
ਮਨ ਦੀ ਮਸਤੀ ਵਾਲਾ ਨਗ਼ਮਾ
ਪੌਣ ਸੁਣੇ ਮੈਂ ਗਾਵਾਂ।



Academy of the Punjab in North America: http://www.apnaorg.com

# ਇਉਂ ਵੀ ਮਿਲਦੀ ਹੈ ਕਵਿਤਾ

ਝੜ ਰਹੇ ਨੇ ਬਿਰਖ਼ਾਂ ਦੇ ਪੱਤੇ
ਬਿਖਰ ਰਹੇ ਹਨ ਏਧਰ-ਉਧਰ
ਸੁੱਕ ਕੇ ਪੀਲੇ ਹੋਏ ਪੱਤੇ
ਝੜ ਰਹੇ ਨੇ ਬਿਰਖ਼ਾਂ ਤੋਂ

ਪੱਤੇ ਹੂੰਝਦਾ
ਸਾਹੋ-ਸਾਹ ਹੋਇਆ ਪਿਆ ਹੈ ਮਾਲੀ
ਪੰਡ ਭਰਦਾ
ਟੋਏ ਵਿਚ ਸੁੱਟ ਆਉਂਦਾ
ਫ਼ਿਰ ਹੂੰਝਣ ਲੱਗਦਾ
ਬਿਖਰੇ ਹੋਏ ਪੱਤੇ
ਸਾਹੋ-ਸਾਹ ਹੋਇਆ ਮਾਲੀ

ਅੱਖਾਂ ਮੀਚੀਂ ਬੈਠਾ ਸਾਧੂ
ਸਮਾਧੀ ਵਿਚ ਹੀ
ਮੰਦ-ਮੰਦ ਮੁਸਕਾਉਂਦਾ
ਹਵਾ ਦੀ ਤੇਜ਼ੀ
ਝੜ ਰਹੇ ਪੱਤਿਆਂ ਦੀ ਮਹਿਕ
ਪੱਤੇ ਹੂੰਝਦੇ ਮਾਲੀ ਦੀ ਬਿੜਕ
ਸਭ ਕੁਝ ਵਾਪਰਦਾ
ਸਾਧੂ ਦੇ ਨੇੜੇ ਨੇੜੇ
ਅੱਖਾਂ ਮੀਚੀਂ ਮੰਦ-ਮੰਦ ਮੁਸਕਾਉਂਦਾ
ਸਮਾਧੀ ਵਿਚ ਲੀਨ ਸਾਧੂ

ਪੱਤੇ ਬਿਖਰਦੇ
ਮਾਲੀ ਹੂੰਝਦਾ
ਸਾਧੂ ਸਮਾਧੀ ਵਿਚ ਲੀਨ
ਕਵੀ ਨੂੰ ਇਉਂ ਵੀ ਮਿਲਦੀ ਹੈ ਕਵਿਤਾ।



Academy of the Punjab in North America: http://www.apnaorg.com

## ਸਹਿਜ-ਅਸਹਿਜ

ਕਿੰਨਾ ਸਹਿਜ ਹੈ
ਇਧਰ-ਉਧਰ ਤੁਰੇ ਫਿਰਦਿਆਂ
ਨਜ਼ਰ ਆਉਂਦੇ ਬੰਦਿਆਂ ਦਾ -
ਭੱਜੇ-ਦੌੜੇ ਫਿਰਨਾ
ਕੰਮ ਕਰਦੇ ਹੋਣਾ
ਜਾਗਣਾ-ਸੌਣਾ
ਰੇਲ ਵਿਚ ਚੜ੍ਹਨ ਲਈ ਤਰਲੋ-ਮੱਛੀ ਹੋਣਾ
ਦਫ਼ਤਰੋਂ ਛੁੱਟੀ ਹੋਣ 'ਤੇ ਘਰ ਵਲ ਦੌੜਨਾ
ਸਵੇਰੇ ਫਿਰ ਦਫ਼ਤਰ ਲਈ ਭੱਜਣਾ
ਕਿੰਨਾ ਸਹਿਜ ਹੈ -
ਬੰਦੇ ਦਾ ਜਿਊਂਦੇ ਹੋਣਾ

ਕਿੰਨਾ ਸਹਿਜ ਹੈ -
ਦੇਹ ਦਾ ਅਰਥੀ 'ਤੇ ਪਏ ਹੋਣਾ
ਨਾ ਕੋਈ ਹਿਲਜੁਲ ਸਰੀਰ ਵਿਚ
ਨਾ ਇਧਰੋਂ-ਉਧਰ ਦੌੜਨ ਦੀ ਕਾਹਲ ਕੋਈ
ਮਿੱਤਰਾਂ-ਸਕਿਆਂ ਦੇ ਮੋਢਿਆਂ 'ਤੇ
ਮਿੱਟੀ ਬਣ ਟਿਕੇ ਹੋਣਾ
ਕਿੰਨਾ ਸਹਿਜ ਹੈ -
ਬੰਦੇ ਦਾ ਮਰ ਜਾਣਾ

ਤੁਰੇ ਫਿਰਦੇ ਬੰਦਿਆਂ ਦਾ
ਜਿਊਣਾ-ਮਰ ਜਾਣਾ
ਹੋਣਾ-ਨਾ ਹੋਣਾ
ਜਾਪਦਾ ਹੈ ਬੜਾ ਸਹਿਜ-ਸੁਭਾਵਕ
ਕੁਝ ਅਸਹਿਜ ਜਾਪਦਾ ਤਾਂ ਬੱਸ
ਬੰਦੇ ਦਾ ਆਪਣਾ ਜਿਊਣ-ਮਰਨ।



Academy of the Punjab in North America: http://www.apnaorg.com

## ਸਾਂਭਣ ਜੋਗੇ ਪਲ

ਸਾਂਭਣ ਨੂੰ ਤਾਂ ਹੋ ਸਕਦਾ ਹੈ
ਹੋਰ ਵੀ ਬੜਾ ਕੁਝ–
　　ਦਾਦੀ–ਨਾਨੀ ਤੋਂ ਸੁਣੀਆਂ ਕਹਾਣੀਆਂ ਦੇ ਪਾਤਰ
　　ਮਾਂ ਦੀ ਲੋਰੀ ਵਿਚਲੀ ਮਿਠਾਸ
　　ਮਾਸ਼ੂਕ ਦੀ ਲਿਟ ਦੀ ਸਿੱਲ੍ਹ

ਹੋ ਤਾਂ ਬੜਾ ਕੁਝ ਸਕਦਾ ਏ
ਸਾਂਭਣ ਵਾਲਾ–
　　ਬੀਤੇ ਕੱਲ੍ਹ ਦੀਆਂ ਯਾਦਾਂ
　　ਜਿੱਤਾਂ–ਹਾਰਾਂ ਗੁਜ਼ਰੇ ਵੇਲੇ ਦੀਆਂ
　　ਅੱਖਾਂ ਥਾਈ ਜੀਵੇ ਚੰਗੇ–ਮਾੜੇ ਪਲ

ਹੋ ਸਕਦਾ ਏ ਬੜਾ ਕੁਝ
ਸਾਂਭਣ ਜੋਗਾ–
　　ਮਿੱਠਾ ਤੇ ਸਲੂਣਾ

ਪਰ ਅਸੀਂ ਤਾਂ ਅੱਜ ਦੇ ਦਰ 'ਤੇ ਖਲ੍ਹੋਤੇ ਹਾਂ
ਸਾਡੇ ਸਮਿਆਂ ਨੂੰ ਤਾਂ ਦਰਪੇਸ਼ ਨੇ–
　　ਟੁੱਟਦੇ ਬੰਦੇ
　　ਟੁੱਟਦੇ ਰਿਸ਼ਤੇ
　　ਟੁੱਟਦੇ ਸੁਫ਼ਨੇ
　　ਟੁੱਟਦੇ ਘਰ
ਟੁੱਟਦੇ–ਟੁੱਟਦੇ
ਟੁੱਟ ਜਾਣ ਦੀ ਇਸ ਰੁੱਤ ਵਿੱਚ
ਯਾਦ ਤਾਂ ਬਾਪੂ ਦੇ ਬੋਲ ਵੀ ਆਉਂਦੇ–



Academy of the Punjab in North America: http://www.apnaorg.com

'ਪੁੱਤ ਮੇਰਾ ਮੌਜ ਵੀ ਕਰੂ
ਨਾਲੇ ਖੱਟੂਗਾ ਦੇਸ ਲਈ ਨਾਮਾ'
ਕੀ ਜਾਣੇ ਉਹ ਭੋਲਾ ਬਾਪੂ
ਘਰਾਂ ਤੋਂ ਬਾਹਰ ਲੁੱਟ ਕਰਨ ਵਾਲੇ
ਪੁੱਜ ਗਏ ਘਰਾਂ ਅੰਦਰ ਵੀ ਹੁਣ ਤਾਂ
ਟੈਲੀਵੀਜ਼ਨ 'ਤੇ ਦਿਸਦਾ ਹੈ ਜੋ ਬਾਜ਼ਾਰ
ਜੋ ਬਾਜ਼ਾਰ ਤੀਵੀਂ ਦੇ ਨਖ਼ਰਿਆਂ
ਬੱਚੇ ਦੀ ਸ਼ਰਾਰਤ
ਬੇਤਰਤੀਬੇ ਘਰ ਦੀ ਹਰ 'ਤਰਤੀਬ' 'ਚੋਂ ਆਉਂਦਾ ਹੈ ਨਜ਼ਰ
ਉਹ ਉਪਭੋਗੀ ਨਹੀਂ ਉਪਜਦਾ
ਉਪਜ ਰਿਹਾ ਹੈ ਉਹ ਤਾਂ
ਭੋਗੇ ਜਾਣ ਵਾਲੇ ਬੰਦੇ
ਜੀਵਨ ਜਿਹਨਾਂ ਦੇ ਚੱਲਦੇ
ਬਾਜ਼ਾਰ ਵਿਚ ਦੱਬੀਆਂ ਜਾਂਦੀਆਂ –
ਲਾਲ
ਹਰੀਆਂ
ਪੀਲੀਆਂ
ਬੱਤੀਆਂ ਮੁਤਾਬਿਕ
ਕੱਪੜਾ ਜਿੱਥੇ ਛੋਟਾ ਨਹੀਂ ਹੁੰਦਾ
ਹੋ ਜਾਂਦਾ ਹੈ 'ਆਊਟ-ਡੇਟਿਡ'

ਬਾਜ਼ਾਰ ਵਿੱਚ ਸ਼ੌਪਿੰਗ ਕਰਦੇ ਬੰਦੇ
ਘਰਾਂ ਵਿੱਚ ਭਰੀਆਂ ਅਲਮਾਰੀਆਂ

ਨਵੀਆਂ ਅਲਮਾਰੀਆਂ
ਨਵੇਂ ਕਮਰੇ



Academy of the Punjab in North America: http://www.apnaorg.com

ਨਵੇਂ ਘਰ ਬਣਾਉਣ ਲਈ
ਆਪਸ ਵਿੱਚ ਲੜਦੇ ਘਰਾਂ ਵਾਲੇ

ਮਾਵਾਂ– ਬਾਪੂਆਂ ਤੋਂ
ਪਿੰਡ– ਕਸਬਿਆਂ ਤੋਂ
ਆਜ਼ਾਦ ਹੋਏ ਬਸ਼ਿੰਦਿਆਂ ਦੀਆਂ ਸੱਧਰਾਂ
ਕਦੋਂ ਤੇ ਕਿਵੇਂ
ਹੋ ਜਾਂਦੀਆਂ ਬਾਜ਼ਾਰ ਦੀਆਂ ਗ਼ੁਲਾਮ
ਖ਼ੁਦ ਉਹ ਵੀ ਨਾ ਸਮਝ ਪਾਉਂਦੇ

ਗ਼ੁਲਾਮ ਹੋਈਆਂ ਸੱਧਰਾਂ
ਗ਼ੁਲਾਮ ਹੁੰਦੇ ਘਰਾਂ
ਗ਼ੁਲਾਮ ਹੁੰਦੇ ਬੰਦਿਆਂ ਦੇ
ਇਸ ਦੌਰ ਵਿੱਚ
ਅਸੀਂ ਅੱਜ ਨੂੰ ਸਾਂਭਾਂਗੇ
ਤਾਂ ਹੀ ਉਸਰ ਸਕੇਗਾ ਆਉਣ ਵਾਲਾ ਕੱਲ੍ਹ
ਬਾਪੂ ਦੇ ਭਾਵਾਂ ਨੂੰ ਸਾਂਭਾਂਗੇ
ਪੂਰੀ ਹੋ ਪਾਵੇਗੀ ਤਦੇ ਹੀ–
ਬਾਪੂ ਦੀ ਪੁੱਤ ਨੂੰ ਦਿੱਤੀ ਦੁਆ

ਉਂਝ ਸਾਂਭਣ ਨੂੰ ਤਾਂ ਹੋ ਸਕਦਾ ਏ
ਬੀਤੇ ਵਿੱਚ ਛੁਪਿਆ
ਹੋਰ ਵੀ ਬੜਾ ਕੁਝ।



Academy of the Punjab in North America: http://www.apnaorg.com

## ਖੜੋਤ

ਉਹ ਤੁਰ ਗਿਆ –
ਜੀ ਕੇ ਆਪਣੇ ਹਿੱਸੇ ਆਏ ਪਲ–ਛਿਣ
ਕਰ ਗਿਆ –
ਬੜਾ ਕੁਝ
ਰਹਿ ਗਿਆ ਸੀ ਜੋ ਅਣਕਰਿਆ
ਕਹਿ ਗਿਆ –
ਬੜਾ ਕੁਝ ਅਣਕਿਹਾ
ਤੋੜ–ਮਰੋੜ ਕੇ ਰੱਖ ਗਿਆ –
ਕਿੰਨੀਆਂ ਹੀ ਰੀਤਾਂ–ਰਵਾਇਤਾਂ
ਸਿਰਜ ਗਿਆ –
ਆਪਣਾ ਹੀ ਅਨੋਖਾ ਸੰਸਾਰ
ਮੈਂ
ਉਸਦੀ ਜੀਵਨ ਗਾਥਾ 'ਤੇ ਝਾਤ ਮਾਰਦਾ
ਕਰਦਾ ਹਾਂ ਯਤਨ
ਉਸਦੀ ਮਨੋਵੇਦਨਾ ਸਮਝਣ ਦਾ –
'ਕਿਉਂ ਜੀਵਿਆ ਉਸ ਇੰਨਾ ਮੁਸ਼ਕਿਲ ਜੀਵਨ
ਸੌਖ ਨਾਲ ਵੀ ਤਾਂ ਜੀ ਸਕਦਾ ਸੀ ਉਹ'
ਖੋਜਦਾ ਹਾਂ –
ਉਸਦਾ ਯਥਾਰਥ
ਉਸਦੀ ਸੰਵੇਦਨਾ
ਉਸਦਾ ਸੱਚ
ਖ਼ੁਦ ਤੁਰਨ ਦੀ ਥਾਂ
ਨੱਪਦਾ ਰਹਿੰਦਾ ਹਾਂ –
ਉਸ ਦੀਆਂ ਪੈੜਾਂ
ਮੈਂ
ਜੋ 'ਉਹ' ਬਣ ਸਕਦਾ ਹਾਂ।



Academy of the Punjab in North America: http://www.apnaorg.com

## ਪੂਰਬ-ਪੱਛਮ

ਧਰਤੀ ਤੋਂ ਕੋਹਾਂ ਦੂਰ
ਬੱਦਲਾਂ ਦੇ ਨੇੜੇ ਨੇੜੇ
ਇੱਕੋ ਹੀ ਘਰ ਵਿਚ
ਸੌਂ ਰਿਹਾ ਹੈ
ਇੱਕ ਛੋਟਾ ਜਿਹਾ ਸੰਸਾਰ

ਪੂਰਬ ਦੇ ਵੱਲ ਛਾ ਰਹੀ ਹੈ ਲਾਲੀ
ਸੂਰਜ ਕੋਈ ਉਬਾਲ਼ੇ ਲੈਂਦਾ ਜਿਵੇਂ
ਖਿੜਕੀ 'ਚੋਂ ਦਿਸਦਾ ਹੈ ਝਲਕਾਰਾ -
ਨਿੰਮ੍ਹੀ ਨਿੰਮ੍ਹੀ ਰੋਸ਼ਨੀ ਦਾ

ਕੁਝ ਅੱਖਾਂ 'ਤੇ ਬੰਨ੍ਹੀਆਂ ਪੱਟੀਆਂ
ਕੁਝ ਕੰਨਾਂ ਵਿੱਚ ਪਾਈ ਕੌਟਨ
ਕੁਝ ਚਿਹਰੇ ਟਿਕਟਿਕੀ ਲਗਾਈ ਬੈਠੇ -
ਪੱਛਮ ਦਿਸ਼ਾ ਵੱਲ

ਹਨ੍ਹੇਰਾ -
ਅਜੇ ਵੀ ਕਸੀ ਬੈਠਾ ਹੈ ਆਪਣਾ ਸ਼ਿਕੰਜਾ -
ਪੱਛਮ ਉੱਪਰ
ਸੂਰਜ ਉੱਗ ਵੀ ਆਇਆ ਹੈ -
ਪੂਰਬ ਵੰਨ੍ਹੀਂ

ਅੱਖਾਂ ਦੀਆਂ ਪੱਟੀਆਂ
ਕੰਨਾਂ ਦੀ ਕੌਟਨ
ਗਿਣ ਰਹੇ ਨੇ -
ਆਪਣੇ ਆਖ਼ਰੀ ਸਾਹ ।



Academy of the Punjab in North America: http://www.apnaorg.com

# ਕਵਿਤਾ ਬਿਨ ਸ਼ਾਇਰ

ਅੱਖਾਂ ਸਾਹਵਿਓਂ
ਬਿਨ ਮਿਲਿਆਂ ਗੁਜ਼ਰ ਜਾਂਦੀ ਹੈ ਕਵਿਤਾ
ਬੜਾ ਉਦਾਸ ਹੁੰਦਾ ਹੈ
ਸ਼ਾਇਰ ਦਾ ਮਨ

ਨੀਂਦ 'ਚੋਂ ਜਾਗਦਾ ਹੈ
ਖੋਲ੍ਹਦਾ ਹੈ –
          ਮਨ ਦੇ ਬੂਹੇ ਬਾਰੀਆਂ
ਬਹੁਤ ਦੂਰ ਹੈ ਪਰ –
          ਕਮਰੇ ਦੀ ਬਾਰੀ

ਬਾਹਰੋਂ ਗੁਜ਼ਰਦੀ ਨਜ਼ਰ ਆਉਂਦੀ ਹੈ ਕਵਿਤਾ –
          ਉੱਗਦੇ ਸੂਰਜ ਦੀ ਲਾਲੀ ਵਿੱਚ ਸਮੋਈ
ਛਟਪਟਾਉਂਦਾ ਹੈ ਮਨ ਸ਼ਾਇਰ ਦਾ –
          ਪਿੰਜਰੇ ਵਿੱਚ ਫ਼ਸਿਆ ਪੰਛੀ ਜੀਕਣ

ਸੁਖ਼ਦ ਪਲਾਂ ਵਿੱਚ ਵੀ ਹੋ ਜਾਂਦਾ ਹੈ –
          ਉਦਾਸ ਤੇ ਬੇਚੈਨ ਜਿਹਾ –
                    ਮਨ ਸ਼ਾਇਰ ਦਾ
ਕਵਿਤਾ ਦੇ ਗੁਜ਼ਰ ਜਾਣ 'ਤੇ
ਬਿਲਕੁਲ ਕੋਲ਼ੋਂ ਦੀ –
          ਬਿਨ ਮਿਲਿਆਂ



Academy of the Punjab in North America: http://www.apnaorg.com

## ਪਲਾਂ ਵਿੱਚ ਸਿਮਟੀ ਜ਼ਿੰਦਗੀ

ਕੁਝ ਪਲਾਂ ਦੀ ਹੋਵੇ ਜ਼ਿੰਦਗੀ
ਤਾਂ ਹਰ ਪਲ –
          ਖੁੱਲ੍ਹ ਕੇ ਜਿਊਂਦਾ ਆਦਮੀ
ਨਵਾਂ ਨਵਾਂ ਤੁਰਨ ਸਿੱਖਿਆ ਬੱਚਾ ਜਿਉਂ –
          ਗਾਹ ਦੇਣਾ ਚਾਹੇ ਧਰਤੀ ਅੰਬਰ –
          ਤੁਰਦੇ–ਤੁਰਦੇ
ਸਫ਼ਰ ਦੇ ਆਖ਼ਰੀ ਪੜਾਅ 'ਤੇ ਪੁੱਜਾ ਰਾਹੀ ਜਿਵੇਂ –
          ਮਾਣਨਾ ਚਾਹੇ ਰਹਿੰਦਾ ਸਫ਼ਰ
ਖੁੱਲ੍ਹੇ ਰੱਖ ਕੇ ਅੱਖਾਂ ਤੇ ਕੰਨ

ਥੋੜ੍ਹੇ ਜਿਹੇ ਹੋਣ ਪਲ
ਤਾਂ ਖੁੱਲ੍ਹ ਕੇ ਜਿਊਂਦਾ ਆਦਮੀ

ਜ਼ਿੰਦਗੀ –
          ਮੇਰੇ ਕੋਲ਼
          ਪਲ–ਪਲ
          ਛਿਣ–ਛਿਣ
          ਕਰ ਕੇ ਆਵੀਂ



Academy of the Punjab in North America: http://www.apnaorg.com

## ਗੁਆਚ ਜਾਂਦੀਆਂ ਨਜ਼ਮਾਂ ਅਕਸਰ

ਗੁਆਚ ਜਾਂਦੀਆਂ ਨਜ਼ਮਾਂ ਅਕਸਰ
ਭੁੱਲ ਜਾਂਦੇ ਨੇ ਚੇਤੇ ਮੈਂਨੂੰ
ਵਿਸਰ ਜਾਂਦੇ ਸ਼ਬਦਾਂ ਦੇ ਸਾਏ
ਗੁੰਮ ਜਾਂਦੇ ਅਰਥਾਂ ਦੇ ਭਾਵ

ਉਂਝ ਤਾਂ ਜਦ ਵੀ ਮਿਲਦਾਂ ਤੈਂਨੂੰ
ਤੇਰੀਆਂ ਅੱਖਾਂ ਵਿੱਚ ਵਿੰਹਦਾ ਹਾਂ
ਨਜ਼ਮਾਂ ਦਾ ਸੰਸਾਰ ਮੈਂ ਸਾਰਾ
ਤੇਰੇ ਸਾਹਾਂ ਦੇ ਵਿਚ ਵਸਦਾ
ਇੱਕ ਸੰਪੂਰਨ ਮਹਾਂਕਾਵਿ ਹੈ
ਤੇਰੇ ਬੋਲਾਂ ਵਿਚੋਂ ਹਰਦਮ
ਜੰਮਦੀਆਂ ਰਹਿੰਦੀਆਂ ਸੱਜਰੀਆਂ ਨਜ਼ਮਾਂ

ਲਿਖ ਸਕਦਾ ਹਾਂ
ਜੋ ਕੁਝ ਮਿਲਦੈ –
        ਤੇਰੀਆਂ ਅੱਖਾਂ
        ਤੇਰੇ ਸਾਹਾਂ
        ਜਾਂ ਫ਼ਿਰ ਤੇਰੇ ਬੋਲਾਂ ਵਿੱਚੋਂ
ਲੇਕਿਨ ਮੈਂਨੂੰ ਵਿਹਲ ਨਾ ਮਿਲਦਾ

ਜੋ ਵੀ ਪਲ ਮਿਲਦੇ ਨੇ ਮੈਂਨੂੰ
ਉਹਨਾਂ ਨੂੰ ਮੈਂ ਲੇਖੇ ਲਾਉਂਨਾਂ –
ਸੁਣੀ ਜਾਣ ਦੇ –
        ਅਕਸ ਤੇਰੇ ’ਚੋਂ ਕਿਰਦੀਆਂ ਨਜ਼ਮਾਂ



Academy of the Punjab in North America: http://www.apnaorg.com

ਸੁਣਦੇ ਸੁਣਦੇ
ਪਿਛਲੀ ਨਜ਼ਮ ਭੁਲਾ ਬਹਿੰਦਾ ਹਾਂ
ਇਸੇ ਤਰ੍ਹਾਂ
ਗੁਆਚ ਜਾਂਦੀਆਂ ਨਜ਼ਮਾਂ ਅਕਸਰ
ਭੁੱਲ ਜਾਂਦੇ ਨੇ ਚੇਤੇ ਮੈਂਨੂੰ
ਵਿਸਰ ਜਾਂਦੇ ਸ਼ਬਦਾਂ ਦੇ ਸਾਏ
ਗੁੰਮ ਜਾਂਦੇ ਅਰਥਾਂ ਦੇ ਭਾਵ।



Academy of the Punjab in North America: http://www.apnaorg.com

## ਆਲਾ-ਭੋਲਾ ਜਿਹਾ ਬਚਪਨ

ਮਾਲ ਗੱਡੀ
ਪੈਸੰਜਰ ਤੇ ਐਕਸਪ੍ਰੈਸ ਬਣਦੀ ਬਣਦੀ
ਬਣ ਗਈ -
ਸ਼ਤਾਬਦੀ ਤੇ ਰਾਜਧਾਨੀ

ਕੋਲ਼ੇ ਦਾ ਇੰਜਨ
ਡੀਜ਼ਲ ਇੰਜਨ ਬਣਦਾ-ਬਣਦਾ
ਬਿਜਲੀ ਵਾਲ਼ਾ ਹੋ ਗਿਆ

ਬੱਚਾ
ਸਾਈਕਲ ਤੋਂ ਪਹੁੰਚ ਗਿਆ
ਕਾਰ ਤੱਕ

ਬਚਪਨ
ਅੱਜ ਵੀ ਰੇਲਵੇ ਕਰਾਸਿੰਗ ਤੇ ਖੜ੍ਹਦਾ ਹੈ
ਤਾਂ ਗਿਣਦਾ ਹੈ -
ਰੇਲ ਦੇ ਡੱਬੇ ।



Academy of the Punjab in North America: http://www.apnaorg.com

## ਕਵਿਤਾ ਦੀ ਆਮਦ

ਸੁਬ੍ਹਾ ਸਵੇਰੇ
ਉੱਠਦਾ ਹਾਂ ਬਿਸਤਰ ਤੋਂ
ਤਾਂ ਇਕ ਬੋਝ ਜਿਹਾ ਹੁੰਦਾ ਹੈ ਮਨ ਤੇ ਜਿਵੇਂ
ਬਿਨਾ ਕਿਸੇ ਗੱਲ ਤੋਂ
ਬੇਕਾਰਣ
ਬੇਸਬੱਬ ਹੀ
ਭਾਰਾ ਭਾਰਾ ਹੁੰਦਾ ਹੈ ਮਨ

ਦਿਨ ਚੜ੍ਹਦਾ ਹੈ
ਕੰਮਕਾਰ 'ਤੇ ਜਾਂਦਾ ਹਾਂ
ਅੰਗ-ਸੰਗ ਰਹਿੰਦੀ ਹੈ
ਇੱਕ ਅਜੀਬ ਜਿਹੀ ਭਟਕਣ
ਤੇ ਬੇਚੈਨੀ
ਇੱਕ ਦਰਦ ਜਿਹਾ ਉੱਠਦਾ ਆਪ-ਮੁਹਾਰੇ
ਜੰਮਣ-ਪੀੜਾਂ 'ਚੋਂ ਗ਼ੁਜ਼ਰਦੀ ਹੈ ਮਾਂ ਜੀਕਣ

ਸ਼ਾਮ ਪਈ 'ਤੇ
ਘਰ ਮੁੜਦਾ ਹਾਂ
ਖ਼ਾਲੀ ਵਰਕਿਆਂ ਸੰਗ ਬਿਤਾਉਂਦਾ ਹਾਂ -
          ਕੁਝ ਲਿਖਣ ਜੋਗੇ ਪਲ
ਹੌਲ਼ਾ-ਫ਼ੁੱਲ ਹੋ ਜਾਂਦਾ ਹੈ ਮਨ
ਦੌੜਿਆ ਫ਼ਿਰਦਾ ਹਾਂ ਬੇਪ੍ਰਵਾਹ ਹੋਇਆ ਮੈਂ -
          ਮਸਤੀ ਵਿੱਚ ਚੁੰਗੀਆਂ ਭਰਦੇ ਮਿਰਗ ਵਾਂਗ
ਇਉਂ ਹੀ ਬੱਸ -
          ਜਨਮ ਲੈਂਦੀ ਰਹਿੰਦੀ ਹੈ ਕਵਿਤਾ ।



Academy of the Punjab in North America: http://www.apnaorg.com

## ਪਰਸੂ, ਪਰਸਾ, ਪਰਸ ਰਾਮ

ਪਰਸੂ ਤੋਂ ਪਰਸਾ
ਪਰਸੇ ਤੋਂ ਪਰਸ ਰਾਮ
ਪਰਸ ਰਾਮ ਤੋਂ ਹੋਰ ਕਈ ਕੁਝ
ਬਣਦਾ ਰਿਹਾ ਮੈਂ

ਸਾਈਕਲ
ਮੋਟਰ ਸਾਈਕਲ
ਕਾਰਾਂ
ਘਟਦੀ ਰਹੀ ਦੂਰੀ
ਵਧਦੀ ਰਹੀ ਰਫ਼ਤਾਰ
ਵਧਦਾ ਰਿਹਾ ਮੈਂ

ਰੁਤਬਾ – ਪੈਸਾ
ਇੱਜ਼ਤ – ਸ਼ੋਹਰਤ
ਜਾਪਿਆ
ਜਿਉਂ ਸਭ ਕੁਝ ਹੈ ਮਿਲਿਆ
ਆਪਣੇ ਘਰ ਦੇ ਬਾਗ਼ 'ਚ
ਜਿਉਂ ਹਰ ਫੁੱਲ ਹੈ ਖਿੜਿਆ

ਪਰ ਫ਼ਿਰ ਇੱਕ ਦਿਨ
ਘਰ ਪਰਤੇ ਨੂੰ
ਮਾਂ ਨੇ ਸੀ ਆਵਾਜ਼ ਲਗਾਈ
'ਪੁੱਤਰ ਪਰ....'
ਮਾਂ ਨੂੰ ਅੱਗੇ ਗੱਲ ਨਾ ਆਈ



Academy of the Punjab in North America: http://www.apnaorg.com

ਮਾਂ ਦੇ ਰੱਖੇ ਨਾਂ ਦਾਂ ਐਸਾ ਨਾਮ ਬਣ ਗਿਆ
ਮਾਂ ਨੂੰ ਉਹ ਲੈਣਾ ਨਾ ਆਇਆ
ਅੰਬਰ ਜਿੱਡਾ ਜੋਇਆ ਰੁਤਬਾ
ਇੰਝ ਲਟਕਿਆ
ਧਰਤੀ 'ਤੇ ਵੀ ਖੜ੍ਹ ਨਾ ਪਾਇਆ ।



Academy of the Punjab in North America: http://www.apnaorg.com

## ਪਾਣੀ ਤਾਂ ਪਾਣੀ ਹੁੰਦਾ

ਪਾਣੀ ਤਾਂ ਪਾਣੀ ਹੁੰਦਾ –
ਨਿਰਮਲ
ਨਿਰਛਲ
ਕਲਕਲ ਕਰਦਾ

ਪਾਣੀਆਂ ਵਿਚ ਪਾਣੀ ਵਾਂਗ ਹੀ ਵਗਦਾ
ਮੈਂ ਵੀ ਪਾਣੀ ਸਾਂ –
ਝਰਨਿਆਂ ਥਾਣੀਂ ਦੀ ਗੁਜ਼ਰਦਾ
ਦਰਿਆ ਬਣ ਜਾਂਦਾ
ਸਮੁੰਦਰ ਵਿਚ ਮਿਲ ਜਾਂਦਾ

ਤੁਸੀਂ ਆਏ
ਮੈਂਨੂੰ ਇਕ ਕੈਦ ਵਿਚ ਛੱਡ ਗਏ
ਕੈਦ –
ਜੋ ਮਿੱਟੀ ਸੀ
ਕੈਦ –
ਜਿਸ ਵਿਚੋਂ ਰਿਹਾਅ ਹੋਣ ਲਈ
ਮੈਂ ਪੂਰੇ ਦਮ ਨਾਲ ਉਛਾਲੀਆਂ ਲਹਿਰਾਂ
ਕੈਦ –
ਜਿਸਨੇ ਮੈਂਨੂੰ ਬੇਬਸ ਕਰ ਦਿੱਤਾ

ਤੁਸੀਂ
ਖੋਹ ਲਿਆ ਮੇਰਾ ਕੰਵਾਰਾਪਨ
ਮੈਂਨੂੰ ਵਗਣ ਦੀ ਥਾਂ
ਖਲ੍ਹੋਣਾ ਪੈ ਗਿਆ
ਖੁੱਲ੍ਹੇ ਮੈਦਾਨਾਂ ਦਾ ਰਾਹੀ



Academy of the Punjab in North America: http://www.apnaorg.com

ਮੈਂ –
    ਬਣ ਕੇ ਰਹਿ ਗਿਆ
    ਤੁਹਾਡੀ ਦਿੱਤੀ ਜ਼ਮੀਨ ਦਾ ਮੁਥਾਜ
ਮੈਂਨੂੰ –
    ਨਦੀਆਂ ਦਰਿਆਵਾਂ ਦੇ ਵਾਰਸ ਨੂੰ
    ਝੀਲ ਬਣਾ ਧਰਿਆ ਤੁਸਾਂ

ਹੁਣ
ਖ਼ੁਦ ਹੀ ਧਰਦੇ ਹੋ –
ਮੇਰੇ ਉੱਪਰ ਇਲਜ਼ਾਮ
ਆਖਦੇ ਹੋ –
    'ਪਾਣੀ ਵਗਦੇ ਭਲੇ
    ਰਾਹੀ ਚਲਦੇ ਭਲੇ'
    ਪਾਣੀ ਤਾਂ ਪਾਣੀ ਹੁੰਦਾ।



Academy of the Punjab in North America: http://www.apnaorg.com

## ਮੰਦੀ, ਵਾਸ਼ਿੰਗਟਨ, ਬਰਨੀ ਤੇ ਪੌਲ

ਇਥੇ ਨਹੀਂ ਹੁੰਦਾ
ਜੇਠ-ਹਾੜ੍ਹ ਜਾਂ ਅੱਸੂ-ਕੱਤਾ
ਇਥੇ ਤਾਂ
ਜਨਵਰੀ ਤੋਂ ਦਸੰਬਰ ਤੱਕ ਬੀਤਦੇ
ਬਾਰ੍ਹਾਂ ਮਹੀਨਿਆਂ ਵਿਚ ਫੈਲੇ ਬਵੰਜਾ ਵੀਕ
ਇਹ ਪੰਜਾਬ ਵਿਚਲਾ ਲੁਧਿਆਣਾ ਨਹੀਂ
ਅਮਰੀਕਾ ਦਾ ਦਿਲ ਵਾਸ਼ਿੰਗਟਨ ਹੈ ਮਿੱਤਰਾ

ਏਥੇ ਤਾਂ ਸੁਪਨੇ ਵੀ ਵਿਕਦੇ
ਚਾਹੀਦਾ ਬਸ ਵੇਚਣ ਵਾਲਾ
ਓਬਾਮਾ ਨੇ ਵੇਚਿਆ ਜੀਕਣ
ਪੂਰੇ ਮੁਲਕ ਨੂੰ -
          'ਚੇਂਜ' ਦਾ ਸੁਪਨਾ।

ਬੰਦੇ ਵੀ ਵਿਕ ਜਾਂਦੇ ਏਥੇ
ਵਿਕਣੇ ਵਾਲਾ ਹੋਵੇ ਕੋਈ -
          ਹਰ ਦਿਨ ਸ਼ਾਮ ਢਲੇ ਵਿਕ ਜਾਂਦੀ
          'ਡਵ'
          ਤੇ 'ਡਵ' ਜਿਉਂ ਹੋਰ ਅਨੇਕਾਂ
          ਸਟਰਿਪ ਟੀਜ਼ਾਂ ਵਿਚ ਵਿਕਦੇ ਰਹਿੰਦੇ
ਇਹ ਕੋਈ ਲੁਧਿਆਣਾ ਨਹੀਂ ਤੇਰਾ
ਇਹ ਤਾਂ ਵਾਸ਼ਿੰਗਟਨ ਹੈ ਮਿੱਤਰਾ

ਉਂਝ
ਹੁਣ ਠੰਢਾ ਪੈ ਚੱਲਿਆ ਹੈ



Academy of the Punjab in North America: http://www.apnaorg.com

ਵਿਕਣ-ਵਿਕਾਉਣਾ
ਮੰਦੀ ਦੇ ਵਿਚ
ਜ਼ਖ਼ਮੀ ਹੋ ਚੱਲੀ ਹੈ ਮੰਡੀ
ਘਟ ਰਹੀ ਆਮਦਨ
ਜਿਉਂ ਦੀ ਤਿਉਂ ਖੜ੍ਹਾ ਰਹਿੰਦਾ
ਖ਼ਰਚੇ ਵਾਲਾ ਦੈਂਤ
ਵਿਕ ਰਹੇ ਘਰ
ਬੰਦ ਹੋ ਰਹੇ ਵਪਾਰ
ਛੁੱਟ ਰਹੀਆਂ ਨੌਕਰੀਆਂ
ਹਰ ਦਿਨ ਵਧਦੀ-ਫੁੱਲਦੀ ਰਹਿੰਦੀ -
ਬੇਰੁਜ਼ਗਾਰਾਂ ਵਾਲੀ ਸੂਚੀ

ਇਸੇ ਦੌਰ ਵਿਚ
ਟੁੱਟ ਚੱਲਿਆ ਹੈ -
'ਬਰਨੀ ਥੌਂਪਸਨ'
ਕਿੰਨੇ ਸੋਹਣੇ ਦਿਨ ਸਨ ਜਦ
ਕਮਾਉਣ ਤੋਂ ਪਹਿਲਾਂ ਖ਼ਰਚੀਦਾ ਸੀ
ਡਾਲਰਾਂ ਵੱਲੋਂ ਖ਼ਾਲੀ ਜੇਬਾਂ ਵਿਚ ਹੁੰਦੇ ਸਨ
ਕਾਰਡ ਕਰੈਡਿਟ
ਖ਼ਰਚੇ ਦੀ ਕਿਹੜੀ ਪਰਵਾਹ ਸੀ
ਦਿਨ ਵਿਚ ਕੰਮ ਕਰਦਾ ਸੀ ਦੱਬ ਕੇ
ਸ਼ਾਮ ਪੈਣ 'ਤੇ
'ਬਾਰਬੇਕਿਊ' ਦੇ ਵਿਚ
ਖਾਂਦੇ ਪੀਂਦੇ ਰਹਿੰਦੇ
'ਰੈਡ-ਵਾਈਨ' ਦੇ ਮੱਗ ਭਰ-ਭਰ ਕੇ



Academy of the Punjab in North America: http://www.apnaorg.com

ਮਰੇ-ਮਰੇ ਵੀ
ਜੀਂਦੇ ਰਹਿੰਦੇ
ਹਰ ਇਕ ਭਾਰ ਸੀ ਝੱਲਦੇ ਵੰਡ ਕੇ
ਕੰਮ ਕਰਦੀ ਸੀ ਪਤਨੀ 'ਲੀਜ਼ਾ'
ਹੁਣ 'ਲੀਜ਼ਾ' ਦੀ ਥਾਂ 'ਤੇ
ਖ਼ੌਰੇ ਕਿਥੋਂ ਚੱਲ ਕੇ 'ਨੈਸ਼' ਆ ਗਈ !
'ਲੀਜ਼ਾ' ਦਾ ਕੰਮ ਛੁੱਟ ਗਿਆ ਹੈ
ਸਾਰਾ ਭਾਰ ਪਵੇਗਾ ਚੁੱਕਣਾ -
            ਹੁਣ 'ਕੱਲੇ ਨੂੰ
ਕਿਵੇਂ ਪਲੇਗੀ ਬੱਚੀ 'ਡਾਇਨਾ'
ਸੋਚ ਰਿਹਾ ਹੈ 'ਬਰਨੀ ਥੌਂਪਸਨ'

ਟੁੱਟ ਚੱਲੀਆਂ ਜਿੰਦਾਂ ਵਿਚ ਓਦਾਂ
'ਬਰਨੀ' ਸਿਰਫ਼ ਇਕੱਲਾ ਨਾਹੀਂ
ਹੋਰ ਬੜਾ ਕੁਝ ਟੁੱਟ ਰਿਹਾ ਹੈ
ਏਸ ਦੌਰ ਵਿਚ

'ਪੌਲ' ਨੂੰ ਵੀ
'ਹਰਪਾਲ ਸਿਹੁੰ' ਦਾ ਚੇਤਾ ਆਉਂਦਾ
ਜੋ ਭਾਰਤ ਤੋਂ ਆਉਂਦੇ ਹੀ ਮਰ-ਮੁੱਕ ਗਿਆ
ਤੇ 'ਪੌਲ' ਬਣ ਗਿਆ
ਅਤੇ 'ਦਵਿੰਦਰ' -
            'ਡਵ' ਕਰ ਦਿੱਤੀ ਵਾਸ਼ਿੰਗਟਨ ਨੇ
ਦੋਵੇਂ ਕੰਮ-ਕਾਰ ਕਰਦੇ ਸਨ
ਬਾਰਾਂ-ਬਾਰਾਂ ਘੰਟੇ ਦਿਨ ਵਿਚ



Academy of the Punjab in North America: http://www.apnaorg.com

ਜੋੜ–ਜੋੜ ਕੇ ਡਾਲਰ
ਪਿੰਡ ਵਿਚ ਕੋਠੀ ਪਾਈ
ਆੜ੍ਹਤੀਏ ਦਾ ਕਰਜ਼ ਮੋੜਿਆ
ਬਾਪੂ ਦੀ ਮੁੱਛ ਡਿਗਦੀ–ਡਿਗਦੀ
ਖੜ੍ਹੀ ਹੋ ਗਈ
ਆਪ–ਮੁਹਾਰੇ
ਓਵਰ–ਟਾਈਮ ਡਬਲ ਹੋਇਆ ਤਾਂ
ਨਿੱਕਾ ਜਿਹਾ ਸੰਸਾਰ ਵਸਾਇਆ
ਦਸ ਸਾਲਾਂ ਦੀ ਖੱਟੀ ਲਾ ਕੇ
ਚਹੁੰ ਕਮਰਿਆਂ ਦਾ ਇਕ ਘਰ ਪਾਇਆ
ਕੁੱਲ ਕਮਾਈ ਲਾ ਦਿੱਤੀ ਸੀ ਜਿਸ ਘਰ ਓੱਤੇ
ਚੌਥਾ ਹਿੱਸਾ ਮੁੱਲ ਰਹਿ ਗਿਆ
ਗਹਿਣੇ ਕਰਕੇ ਘਰ ਆਪਣੇ ਨੂੰ
ਬੈਂਕ ਤੋਂ ਜਿਹੜਾ ਕਰਜ਼ ਲਿਆ ਸੀ –
    ਨਾ ਮੁੜਨਾ ਸੀ
    ਨਾ ਮੁੜ ਪਾਇਆ
ਬੈਂਕ ਨੇ
ਗਹਿਣੇ ਧਰਿਆ ਜਦੋਂ ਮਕਾਨ ਵੇਚਿਆ
'ਪੌਲ' ਕਿਰਾਏ ਉੱਤੇ ਆਇਆ
ਸਬ–ਪਰਾਈਮ ਕਰਾਈਸਿਸ ਕੀ ਹੁੰਦੈ
ਤਦ ਸਮਝੇ 'ਹਰਪਾਲ–ਦਵਿੰਦਰ'
ਫ਼ਿਰ ਜਦ 'ਡਵ' ਦੀ ਜੌਬ ਛੁੱਟ ਗਈ
ਅੱਧਿਓਂ ਬਹੁਤਾ ਮੁੱਕ ਗਿਆ ਸੀ –
    'ਪੌਲ ਸਿਹੁੰ' ਤਾਂ
ਸ਼ਿਫਟ ਰਾਤ ਦੀ ਹੀ ਮਿਲਦੀ ਸੀ



Academy of the Punjab in North America: http://www.apnaorg.com

'ਡਵ' ਘਰ ਵਿਚ ਹੀ ਵਿਹਲੀ ਰਹਿੰਦੀ
ਧੀ 'ਨੈਸ਼' ਨੂੰ –
          ਨਾਉਂ 'ਨਛੱਤਰ' ਦੇਣ ਦਾ ਹੁਣ ਤਾਂ ਚਿੱਤ ਕਰਦਾ ਸੀ
ਦੇਖਿਆ ਨਹੀਂ ਸੀ ਜਾਂਦਾ 'ਡਵ' ਤੋਂ –
          ਮੁੱਕਦਾ ਜਾਂਦਾ ਰੂਪ 'ਪੌਲ' ਦਾ।

ਕੁਝ ਕੁ ਦਿਨਾਂ ਤੋਂ
ਲਗਦੈ ਜਿਉਂ ਕੁਝ ਠੀਕ ਹੋ ਰਹੀ –
          ਘਰ ਦੀ ਹਾਲਤ
ਵੀਹ ਵਰ੍ਹਿਆਂ ਦੀ ਹੋਈ 'ਨੈਸ਼' ਨੂੰ ਜੌਬ ਮਿਲੀ ਸੀ
'ਡਵ' ਵੀ ਕਿਧਰੇ ਕੰਮ ਜਾਂਦੀ ਸੀ
ਰੋਜ਼ ਰਾਤ ਨੂੰ
ਕਿੱਥੇ ਪਰ –
          ਉਹ ਦੱਸਦੀ ਨਾਹੀਂ
ਮੁੱਕਦਾ ਜਾਂਦਾ
ਜਲੌਅ ਰੂਪ ਦਾ
'ਪੌਲ' ਵੀ
ਸੁੱਕਦਾ ਜਾਂਦਾ ਤਾਂਹੀ

'ਪੌਲ' ਤੇ 'ਬਰਨੀ' ਵਰਗੇ
ਖ਼ੌਰੇ ਕਿੰਨੇ
ਮਰਦੇ–ਮੁੱਕਦੇ ਜਾਂਦੇ
ਹਰ ਆਏ ਦਿਨ
ਬੇਰੰਗਾ–ਬੇਢੰਗਾ ਜੀਵਨ
ਤੁਰਿਆ ਫਿਰਦਾ
ਹੁਣ ਚਾਵਾਂ ਬਿਨ



Academy of the Punjab in North America: http://www.apnaorg.com

ਫ਼ਿਕਰਾਂ ਦੇ ਸੰਗ ਲੜਦੇ-ਲੜਦੇ
ਪਲ-ਪਲ ਰਹਿੰਦੀ
ਜਿੰਦ ਕੁਰਲਾਉਂਦੀ
'ਸਨੋਅ-ਫਾਲ' ਦੇ ਵਿਚ ਵੀ
ਜੇਠ-ਹਾੜ੍ਹ ਦੇ ਵਾਗੂੰ
ਤੌਣੀ ਆਉਂਦੀ।



Academy of the Punjab in North America: http://www.apnaorg.com

## ਫੁੱਟਪਾਥ

ਤੁਸੀਂ ਸੰਭਾਲੋ
ਛੇ ਤੇ ਅੱਠ ਲੇਨ ਵਾਲੀਆਂ ਸੜਕਾਂ
ਸੜਕਾਂ ਦੇ ਬਣੇ ਓਵਰਬ੍ਰਿਜ
ਤੁਹਾਡੇ ਰੁਤਬੇ ਵਾਂਗ ਉੱਚੀਆਂ ਕੋਠੀਆਂ
ਕੋਠੀਆਂ ਵਿਚ ਆਲੀਸ਼ਾਨ ਇੰਟੀਰੀਅਰ
ਤੁਹਾਡੇ ਸੁਪਨਿਆਂ ਜੇਡੀਆਂ ਵੱਡੀਆਂ ਕਾਰਾਂ
ਕਾਰਾਂ ਵਿਚ ਚਲਦੇ ਏਅਰ-ਕੰਡੀਸ਼ਨ ਤੇ ਹੀਟਰ

ਸਾਡੇ ਕੋਲ
ਸਾਡਾ ਫੁੱਟਪਾਥ ਰਹਿਣ ਦਿਉ

ਇਸ ਫੁੱਟਪਾਥ ਉੱਤੇ
ਹੁੰਦੇ ਹਾਂ ਅਸੀਂ ਉਦੈ
ਕਮਾਉਂਦੇ ਹਾਂ ਰੋਜ਼ੀ ਤੇ ਰੋਟੀ
ਮਨਾਉਂਦੇ ਹਾਂ ਖੁਸ਼ੀਆਂ ਦੇ ਜਸ਼ਨ
ਕੱਟਦੇ ਹਾਂ ਸੰਤਾਪ ਦਾ ਲੰਮਾ ਸਫ਼ਰ
ਜਣਦੇ ਹਾਂ ਆਪਣੇ ਤੋਂ ਅਗਲੀ ਪੀੜ੍ਹੀ
ਤੇ ਹੋ ਜਾਂਦੇ ਹਾਂ ਅਸਤ ਇਥੇ ਹੀ

ਤੁਹਾਡੇ ਲਈ ਕੇਵਲ ਸਫ਼ਰ ਦਾ ਸਬੱਬ ਹੈ ਸੜਕ
ਸਾਡੀ ਉਮਰ ਬੀਤ ਜਾਂਦੀ -
ਫੁੱਟਪਾਥ ਉੱਤੇ
ਤੁਹਾਡੀ ਸਾਰੀ ਮਲਕੀਅਤ
ਤੁਹਾਨੂੰ ਮੁਬਾਰਕ
ਸਾਡੇ ਕੋਲ
ਸਾਡਾ ਫੁੱਟਪਾਥ ਤਾਂ ਰਹਿਣ ਦਿਉ।



Academy of the Punjab in North America: http://www.apnaorg.com

## ਮੀਰਾ

ਕ੍ਰਿਸ਼ਨ ਆਉਂਦਾ ਹੈ ਜੇ
ਹਰ ਯੁੱਗ
ਹਰ ਕਾਲ ਵਿਚ –
ਕਦੇ ਵੰਝਲੀ ਵਜਾਉਂਦਾ
ਕਦੇ ਭਟਕਦਾ ਵਣ–ਵਣ
ਕਦੇ ਲੈ ਕੋਈ ਹੋਰ ਰੂਪ
ਤਾਂ ਆਉਂਦੀ ਮੈਂ ਵੀ ਹਾਂ
ਹਰ ਸਮੇਂ
ਹਰ ਯੁੱਗ ਵਿਚ

ਲਗਾ ਇਸ਼ਕ ਦੀ ਲਗਨ
ਬੰਨ੍ਹਦੀ ਹਾਂ ਪੈਰੀਂ ਘੁੰਗਰੂ
ਅੱਡੀ ਨਾਲ ਹਿਲ ਹਿਲ ਜਾਂਦੀ ਧਰਤੀ
ਨੱਚਦੀ ਹਾਂ ਹੋ ਮਗਨ
ਪੈਰ ਨੱਚਦੇ
ਦਿਲ ਗਾਉਂਦਾ
ਬਿਨ ਪ੍ਰੀਤਮ ਨੂੰ ਪਾਇਆਂ ਵੀ ਮੈਂ
ਨੱਚ–ਨੱਚ ਕਮਲੀ ਹੋ ਹੋ ਜਾਂਦੀ

ਆਧੁਨਿਕ/ਉੱਤਰ–ਆਧੁਨਿਕ ਯੁੱਗ ਵਿਚ ਵੀ
ਆਉਂਦੀ ਹਾਂ ਮੈਂ
ਜੀਵਨ ਜਦ ਹੈ ਢਲਿਆ ਹੁੰਦਾ –
ਵਸਤੂ ਦੇ ਹੀ ਆਕਾਰਾਂ ਵਿਚ
ਮਨ–ਤਨ ਸਭ ਕੁਝ ਤੋਲਿਆ ਜਾਂਦਾ –
ਮਾਇਆ ਵਾਲੇ ਬਾਜ਼ਾਰਾਂ ਵਿਚ



Academy of the Punjab in North America: http://www.apnaorg.com

ਨੱਚਣ ਨੂੰ ਫਿਰ ਕਦ ਮਨ ਕਰਦਾ!
ਕੰਨਾਂ ਵਿਚ ਵੱਜਦੀ ਜਦ
ਘਰਾਂ ਵਿਚ ਵਿਲਕਦੇ ਬਾਲਾਂ ਦੀ ਹੂਕ
ਤਾਂ ਬੜੀ ਯਾਦ ਆਉਂਦੀ
ਕ੍ਰਿਸ਼ਨ ਦੀ ਵੰਝਲੀ
ਪੈਰ ਆਪ ਮੁਹਾਰੇ ਲੈ ਲੈਂਦੇ
ਕਲੱਬਾਂ
ਮੈਰਿਜ ਪੈਲੇਸਾਂ
ਸਟਰਿਪ-ਟੀਜ਼ਾਂ ਦਾ ਰਸਤਾ
ਮਨ ਖ਼ੌਰੂ ਪਾਉਂਦੇ ਦਰਿਆ ਵਾਂਗ ਸ਼ੂਕਦਾ
ਪੈਰ ਜੰਮ ਜਾਂਦੇ ਥਾਏਂ ਹੀ
ਢਿੱਡ ਨੱਚਦਾ ਰਹਿੰਦਾ
ਨਜ਼ਰਾਂ
ਜੋ ਕਦੇ ਕ੍ਰਿਸ਼ਨ ਨੂੰ ਸੀ ਤਲਾਸ਼ਦੀਆਂ
ਤੋਲਦੀਆਂ ਰਹਿੰਦੀਆਂ
ਗਾਹਕਾਂ ਦੀਆਂ ਜੇਬਾਂ ਦੇ ਭਾਰ ਨੂੰ।



Academy of the Punjab in North America: http://www.apnaorg.com

## ਇੱਕ ਪਲ ਦਾ ਜੀਵਨ

ਤੇਰਾ ਮਨ
ਬੜਾ ਕਰੀਬ ਹੁੰਦਾ ਹੈ
ਮੇਰੇ ਮਨ ਦੇ ਜਦੋਂ
ਜਦੋਂ ਮੇਰਾ ਅਕਸ
ਤੇਰੀਆਂ ਪਲਕਾਂ ਤੱਕ ਛਾਇਆ ਹੁੰਦਾ ਹੈ
ਜਿਹਨਾਂ ਪਲਾਂ ਵਿਚ
ਮੈਂ – ਤੂੰ
ਅਤੇ ਤੂੰ – ਮੈਂ
ਹੋ ਜਾਂਦੇ ਹਾਂ
ਆਪਣੀਆਂ ਰੂਹਾਂ ਜਦ ਪਿਘਲ ਕੇ ਮਿਲ ਜਾਂਦੀਆਂ –
          ਆਪਸ ਵਿਚ
ਤਾਂ ਮੇਰਾ ਮਨ ਕਰਦਾ ਹੈ
ਤੈਨੂੰ ਪੁੱਛ ਹੀ ਲਵਾਂ –
          ਕੀ ਏਨਾ ਹੀ ਮੋਹ ਸੀ ਤੈਨੂੰ
          ਤੇਰੇ ਪਹਿਲੇ ਮਿੱਤਰ-ਮੁੰਡੇ ਨਾਲ ਵੀ ?
          ਕੀ ਏਨਾ ਹੀ ਕਰਦਾ ਸੀ ਤਿਹੁ ਉਹ ਵੀ ਤੈਨੂੰ
          ਦਿੰਦਾ ਸੀ ਇਉਂ ਹੀ ਸਨੇਹ ?
          ਕੀ ਇਉਂ ਹੀ ਮਾਣਦੀ ਸੈਂ ਤੂੰ
          ਆਪਣੇ ਉਸ ਪਹਿਲੇ ਪਿਆਰ ਦੇ ਨਿੱਘ ਨੂੰ ?

ਸ਼ਬਦ ਬੁੱਲ੍ਹਾਂ 'ਤੇ ਆਉਣ-ਆਉਣ ਕਰਦੇ
ਹੋ ਜਾਂਦੇ ਸ਼ਾਂਤ
ਤੇਰੇ ਚੁੱਪ ਹੋਠਾਂ 'ਤੇ ਪਸਰੀ ਅਗਨ ਤੱਕ ਕੇ



Academy of the Punjab in North America: http://www.apnaorg.com

ਮਨ ਅੰਤਰ ਕੀ ਪੀੜ
ਰਹਿ ਜਾਂਦੀ ਹੈ ਮਨ ਅੰਦਰ ਹੀ
ਮੈਂ
ਤੇਰੇ ਹੋਣ ਦਾ ਸੁੱਖ ਮਾਣਦਾਂ

ਜਾਣਦਾ ਹੋਇਆ
ਕਿ ਕੋਈ ਸੀ ਤੇਰੀ ਜ਼ਿੰਦਗ਼ੀ ਵਿਚ
ਮੇਰੇ ਤੋਂ ਪਹਿਲਾਂ
ਮੇਰੇ ਜਿੰਨਾ ਹੀ ਨੇੜੇ
ਜਾਂ ਸ਼ੌਰੇ ਏਸ ਤੋਂ ਵੀ ਵੱਧ

ਮੈਂ ਮਾਣਦਾ ਹਾਂ ਖ਼ੁਸ਼ੀ–ਖ਼ੁਸ਼ੀ
ਆਪਣੇ ਹਿੱਸੇ ਆਏ ਮੋਹ–ਮੁਹੱਬਤ ਦੇ ਪਲ
ਆਪਣੇ ਅੰਦਰਲੇ ਨਾਲ ਧ੍ਰੋਹ ਕਰ ਰਹੇ ਰਾਜਨੇਤਾ ਵਾਂਗ –
ਕਰ ਦਿੰਦਾ ਹਾਂ ਅਣਗੌਲਿਆ
ਅੰਦਰਲੀ ਆਵਾਜ਼ ਨੂੰ
ਬਾਹਰਮੁਖੀ ਆਨੰਦ ਵਿਚ
ਹੋ ਜਾਂਦਾ ਹਾਂ ਲੀਨ –
ਤੇਰੇ ਵਾਂਗ ਹੀ ਬਿਲਕੁਲ

ਪਰਤ ਕੇ ਆਉਂਨਾਂ
ਤਾਂ ਮੁੜ ਸੋਚਦਾਂ –
ਲੱਭਣ ਦਾ ਜਤਨ ਤਾਂ ਕਰਦਾ
ਤੇਰੇ ਉਸ ਮਿੱਤਰ–ਮੁੰਡੇ ਨਾਲ ਰਿਸ਼ਤੇ ਦੇ ਪਰਛਾਵੇਂ



Academy of the Punjab in North America: http://www.apnaorg.com

ਫ਼ਿਰ ਮਿਲਦਾਂ
ਨਹੀਂ ਖੋਲ੍ਹ ਪਾਉਂਦਾ ਜ਼ੁਬਾਨ ਫ਼ਿਰ ਤੋਂ

ਮੈਂ
ਬੀਤੇ ਨੂੰ ਸੋਚਦਾ
ਅੱਜ ਵਿਚ ਜਿਊਣ ਦਾ ਢੋਂਗ ਕਰਦਾ ਹਾਂ

ਬੰਦਾ
ਜਿਊਂਦਾ ਤਾਂ ਹੁੰਦਾ ਹੈ
ਕੇਵਲ ਇਕ ਹੀ ਪਲ ਵਿਚ
ਇਕ ਹੀ ਪਲ ਨੂੰ ਸਿਰਫ਼
ਅਨੇਕਾਂ ਵਰ੍ਹੇ ਸਮੋਏ ਹੁੰਦੇ ਪਰ
ਉਸੇ ਇਕ ਪਲ ਵਿਚ।



Academy of the Punjab in North America: http://www.apnaorg.com

## ਗੁਰੂ ਗਣੇਸ਼
*(ਪ੍ਰੋ ਜੀ ਪੀ ਬਾਗੜੀਆ ਨੂੰ ਸਮਰਪਿਤ)*

ਉਹ ਆਉਂਦਾ ਹੈ
ਸਾਖਿਆਤ ਹੁੰਦਾ ਹੈ ਸਾਹਮਣੇ
ਪਰ ਪਰ੍ਹੇ ਹੁੰਦਾ ਹੈ ਉਹ
ਦਿਸਣ-ਦਿਸਾਉਣ ਦੇ ਕਿੱਸਿਆਂ ਤੋਂ

ਉਹ ਸਾਹਮਣੇ ਹੁੰਦਾ
ਤਾਂ ਨਜ਼ਰ ਆਉਂਦੀ
ਕੇਵਲ ਰੂਹ ਉਸਦੀ
ਬੋਲ -
        ਸ਼ਬਦਾਂ ਤੋਂ ਪਾਰ ਵੀ ਬੋਲਦੇ
ਹੁੰਦੀਆਂ ਰਹਿੰਦੀਆਂ ਉਦੈ -
        ਅੱਖਰਾਂ ਦੀਆਂ ਨਵੀਆਂ ਸੰਭਾਵਨਾਵਾਂ
ਵਾਕ -
        ਉਸਦੀ ਰੂਹ ਨੂੰ ਛੂਹ ਕੇ ਲੰਘਦੇ
        ਤਾਂ ਰਸ-ਭਿੰਨੇ ਹੋ ਜਾਂਦੇ

ਸਾਦਾ ਜਿਹਾ ਚਿੱਟਾ ਧੋਤੀ-ਕੁੜਤਾ
ਉੱਤੋਂ ਦੀ ਬੁੱਕਲ ਮਾਰੀ ਚਿੱਟੀ ਲੋਈ ਵਿਚ
ਦੌੜਿਆ ਫਿਰਦਾ ਉਸਦਾ ਸਰੀਰ
ਪਰ ਉਹ -
        ਸਹਿਜ ਅੰਤਾਂ ਦਾ
        ਭੌਤਿਕ ਵਸਤਾਂ ਦੇ ਪਾਰ ਪੁੱਜ ਚੁੱਕਾ
ਉਤਰਦਾ ਜਾਂਦਾ -
        ਆਪਣੇ ਹੀ ਅੰਦਰ
        ਹੋਰ ਅੰਦਰ



Academy of the Punjab in North America: http://www.apnaorg.com

ਉਹ ਕਿੰਨਾ ਹੀ ਕੁਝ ਜਾਣਦਾ
ਸੁਣਾਉਂਦਾ
ਜਿਊਂਦਾ
ਨਾਨਕ ਦੀ ਬਾਣੀ ਨੂੰ ਨਵੇਂ ਅਰਥ ਦਿੰਦਾ
ਹਜ਼ਰਤ ਨੂੰ ਵੀ ਸਮਝਦਾ
ਕਰਾਈਸਟ ਤੇ ਮਾਰਕਸ ਨੂੰ ਵੀ
ਜੋ ਜਿਵੇਂ ਹੈ
ਉਵੇਂ ਹੀ ਦੱਸਦਾ
ਥੋਪਦਾ ਕੁਝ ਵੀ ਨਹੀਂ
ਸਵੈ-ਪੜਚੋਲ ਦੀ ਮੱਤ ਦਿੰਦਾ
ਆਪਣੀ ਗੱਲ ਕਰਦਾ
ਤੇ ਹੱਸਦਾ
ਗੁੱਸਾ ਉਸਦੇ ਨੇੜੇ ਦੀ ਵੀ ਨਾ ਲੰਘਦਾ
ਮੂਰਖਮਤੀ ਵਾਲੇ ਸਵਾਲ ਉੱਤੇ
ਰਹਿੰਦਾ ਲੰਮਾ ਮੁਸਕਾਉਂਦਾ
ਡੂੰਘਾ ਸਵਾਲ ਹੋਣ 'ਤੇ
ਅੱਖਾਂ ਵਿਚ ਡੂੰਘਾ ਝਾਕਦਾ
ਹੱਥ ਢਾਕ 'ਤੇ ਟਿਕਾਉਂਦਾ
ਫਿਰ ਅੱਧ-ਗੰਜੇ ਜਿਹੇ ਸਿਰ ਨੂੰ ਖੁਜਲਾਉਂਦਾ
ਇਕ ਲੰਮੀ 'ਹੂੰਅਅਅਅਅਅਅ' ਆਖਦਾ
ਤੇ ਬੋਲਦਾ
ਸੁਣਨ ਵਾਲੇ ਨੂੰ ਸਰਸ਼ਾਰ ਕਰ ਦਿੰਦਾ

ਗੱਲਾਂ ਤੋਂ ਸ਼ੁਰੂ ਹੋਇਆ ਉਹ
ਪੁੱਜ ਚੁੱਕਾ ਹੈ -



Academy of the Punjab in North America: http://www.apnaorg.com

ਗੱਲਾਂ ਤੋਂ ਪਾਰ

ਕਾਨਪੁਰ
ਹੈਦਰਾਬਾਦ
ਝਾਬੂਆ (ਮੱਧ ਪ੍ਰਦੇਸ਼ ਦਾ ਆਦੀਵਾਸੀ ਇਲਾਕਾ)
ਜਲੰਧਰ
ਦੌੜਿਆ ਫਿਰਦਾ ਉਹ
ਜੀਵਨ ਦਾ ਹਿੱਸਾ ਬਣਦਾ
ਜੀਵਨ-ਜਾਚ ਦਾ ਵੀ
ਉਹ ਇੰਜੀਨੀਅਰ ਹੈ -
ਬੰਦੇ ਅੰਦਰਲੇ ਬੰਦੇ ਨੂੰ ਖੜ੍ਹਾ ਕਰਦਾ ਹੈ

ਉਹ ਜੀ ਪੀ ਬਾਗੜੀਆ ਨਹੀਂ
ਨਾ ਹੀ ਉਹ ਪ੍ਰੋ ਗਣੇਸ਼ ਪ੍ਰਸਾਦ ਹੈ
ਉਹ ਡਾ ਬਾਗੜੀਆ ਵੀ ਨਹੀਂ
ਉਹ ਤਾਂ ਬੱਸ ਗਣੇਸ਼ ਹੈ -
ਗੁਰੂ ਗਣੇਸ਼
ਉਹ ਤਾਂ ਬਿੰਬ ਹੈ
ਦੱਸਦਾ ਹੈ ਜੋ -
ਜੀਵਨ ਏਸ ਤਰ੍ਹਾਂ ਵੀ ਜੀਵਿਆ ਜਾਂਦਾ ਹੈ।



Academy of the Punjab in North America: http://www.apnaorg.com

## ਜੜ੍ਹਾਂ

ਦੱਸਦੀ ਹੁੰਦੀ ਸੀ ਦਾਦੀ ਮੇਰੀ
ਜਦ ਵੀ ਘਰ ਆਵੇ ਮਹਿਮਾਨ ਕੋਈ
ਨਹੀਂ ਜਾਣ ਦੇਈਦਾ ਬਿਨਾ ਖਾਣਾ ਖਾਧੇ

ਸੁਣਾਉਂਦੀ ਅਨੇਕਾਂ ਕਿੱਸੇ ਮੇਰੀ ਦਾਦੀ
ਸਮੇਂ-ਸਮੇਂ ਸਿਰ ਘਰ ਆਉਂਦੇ
ਬਾਪ ਮੇਰੇ ਦੇ ਮਿੱਤਰ ਬੇਲੀ
ਅੱਧੀ-ਅੱਧੀ ਰਾਤੀਂ ਉੱਠ ਕੇ
ਹੋ ਜਾਂਦੀ ਸੀ ਚੁੱਲ੍ਹੇ ਦੁਆਲੇ
ਨਾ ਵੀ ਬਣਦਾ ਕੁਝ ਹੋਰ
ਤਾਂ ਕਾਹਲੀ- ਕਾਹਲੀ ਰਿੰਨ੍ਹ ਲੈਂਦੀ -
ਮੂੰਗੀ ਮਸਰੀ
ਦੇਰ ਰਾਤ ਤੱਕ ਖੱਪ ਪਾਉਂਦਿਆਂ
ਦਾ ਦਰ ਖੜਕਾਉਂਦੀ
'ਮੁੰਡਿਓ ਸੌਂ ਵੀ ਜਾਓ ਹੁਣ
ਕਰ ਲੋ ਸਰਾਮ
ਪਿੰਡਾਂ ਵਿਚ ਨਹੀਂ ਹੁੰਦਾ
ਏਨੀ ਰਾਤ ਤੱਕ ਜਾਗਣ ਦਾ ਰਿਵਾਜ਼'
ਤੜਕੇ ਸਾਝਰੇ
ਪਕਾ ਲੈਂਦੀ ਮੰਨੀਆਂ
ਹੱਸ-ਹੱਸ ਵਿਦਾ ਹੁੰਦੇ
ਬਾਪ ਮੇਰੇ ਦੇ ਮਿੱਤਰ- ਬੇਲੀ

ਦੱਸਦੀ ਹੁੰਦੀ ਮੇਰੀ ਦਾਦੀ
— —



Academy of the Punjab in North America: http://www.apnaorg.com

ਦੇਸ਼ ਦੀ ਰਾਜਧਾਨੀ ਵਿਚ ਵੱਸਦਾ
ਮੇਰਾ ਦੋਸਤ ਆਖਦਾ
ਕਦੇ ਮਾਰ ਜਾ ਗੇੜਾ ਏਧਰ ਵੀ
ਸ਼ਹਿਰ ਦੇ ਵੱਡੇ ਰੈਸਤਰਾਂ ਵਿਚ
ਖਾਵਾਂਗੇ ਰਾਤ ਦਾ ਖਾਣਾ ਇਕੱਠੇ
ਵਿਖਾਵਾਂਗੇ ਦਿੱਲੀ ਦੀ ਤਾਮਝਾਮ
ਮਹਾਂਨਗਰ ਦੀ ਸ਼ਾਨੋ- ਸ਼ੌਕਤ ਵਿਚ
ਕਰਦੇ ਫਿਰਾਂਗੇ ਮਸਤੀ

ਉਸਦੀ ਆਵਾਜ਼ ਦੀ ਖਿੱਚ
ਮੈਨੂੰ ਦਿੱਲੀ ਲੈ ਜਾਂਦੀ
ਮੈਂ ਹੈਰਾਨ ਹੋ- ਹੋ ਜਾਂਦਾ
ਉਸ ਦੀ ਵੱਡੀ ਕਾਰ
ਵੇਸ਼ਭੂਸ਼ਾ
ਰਹਿਣੀ- ਸਹਿਣੀ ਤੱਕ ਕੇ
ਵੱਡੇ- ਵੱਡੇ ਮਾਲ
ਕਲੱਬ
ਬਾਰ
ਸਭ ਹੁੰਦੇ ਰਹਿੰਦੇ ਸਾਕਾਰ
ਮੇਰੀਆਂ ਅੱਖਾਂ ਸਾਹਵੇਂ

ਸੂਰਜ ਢਲਦਾ
ਤੇ ਉਹ ਮੈਨੂੰ ਲੈ ਤੁਰਦਾ
'ਮੌਰਯਾ ਸ਼ੈਲਟਨ' ਦੇ ਦਮਕਦੇ ਰੈਸਤਰਾਂ ਵਿਚ
ਚਾਈਨੀਜ਼ ਤੇ ਸਾਊਥ ਇੰਡੀਅਨ ਖਾਣਾ ਖਾਂਦਿਆਂ
ਮੈਂ ਯਾਦ ਦਿਵਾਉਂਦਾ ਉਸ ਨੂੰ



Academy of the Punjab in North America: http://www.apnaorg.com

ਸਾਡੇ ਸਕੂਲ ਦੇ ਦਿਨ
ਮੇਰੀ ਮਾਂ ਦੇ ਹੱਥੋਂ ਖਾਧੇ
ਛੋਲਿਆਂ ਦੀ ਦਾਲ ਵਾਲੇ ਚਾਵਲ
ਦੋਸਤ ਦੀਆਂ ਅੱਖਾਂ ਦੇ ਹੰਝੂ
ਖੁਸ਼ੀ ਦਾ ਸਿਰਨਾਵਾਂ ਦੱਸਦੇ
ਜਾਂ ਗ਼ਮੀ ਦਾ
ਮੈਂ ਸਮਝ ਨਾ ਪਾਉਂਦਾ
ਖਾਣਾ ਖਾ ਕੇ ਉੱਠਦਿਆਂ
ਉਹ ਘੁੱਟ ਲੈਂਦਾ ਮੈਨੂੰ ਸੀਨੇ ਨਾਲ
'ਚੰਗਾ ਦੋਸਤ
ਤੇਰਾ ਕਮਰਾ ਬੁੱਕ ਹੈ
ਇਸੇ ਹੋਟਲ ਵਿਚ
ਮੈਨੂੰ ਘਰ ਉਡੀਕਦੀ ਹੋਣੀ
ਭਰਜਾਈ ਤੇਰੀ'
ਉਸ ਨਾਲ ਹੱਥ ਮਿਲਾਉਂਦਿਆਂ
ਮੈਨੂੰ ਸਮਝ ਨਾ ਆਉਂਦੀ
ਘੁੱਟਾਂ ਉਸ ਦੇ ਹੱਥ ਨੂੰ
ਜਾਂ ਛੱਡ ਦੇਵਾਂ ਪੋਲਾ

ਨਹੀਂ ਗਿਆਂ ਸਾਂ ਦਿੱਲੀ ਮੈਂ
ਹੋਟਲ ਦੇ ਸੁੱਖ ਖਾਤਿਰ
ਮਿਲਣਾ ਚਾਹੁੰਦਾ ਸਾਂ ਉਸਨੂੰ
ਕਰਨੀਆਂ ਲੋਚੀਆਂ ਸਨ ਗੱਲਾਂ ਬਾਤਾਂ
ਉਸਦੇ ਪਰਿਵਾਰ ਨਾਲ

ਹੋਟਲ ਦੇ ਦਰਵਾਜ਼ੇ ਤੋਂ
ਫਿਰ ਪਰਤ ਆਉਂਦਾ ਉਹ



Academy of the Punjab in North America: http://www.apnaorg.com

ਮੁੜ ਦੋਸਤੀ ਬਾਹਾਂ ਫੈਲਾਉਂਦੀ
ਸ਼ਬਦ ਉਸ ਦੇ ਮੂੰਹੋਂ ਕਿਰ ਜਾਂਦੇ ਜਿਵੇਂ-
        ਮਿੱਤਰਾ!
        ਤੇਰੀ ਭਰਜਾਈ ਸ਼ਹਿਰ ਵਾਲੀ ਹੈ
        ਘਰ ਕੋਈ ਆ ਜਾਂਦਾ
        ਤਾਂ ਸੋਚਦੀ ਹੈ-
                ਇਹ ਜਾਣ ਤੇ ਖਾਣਾ ਖਾਈਏ
                ਫਿਰ ਪਰਤਦਾ ਬੋਲਦਾ-
        ਮਾਂ ਨੂੰ ਮੇਰੀ ਨਮਸਤੇ ਆਖੀਂ
— —
ਦਸਾਂ ਸਾਲਾਂ ਦੀ ਬੱਚੀ ਮੇਰੀ
ਪੁੱਛਦੀ ਹੈ ਮਾਂ ਆਵਦੀ ਨੂੰ-
        ਮੰਮਾ!
        ਮੇਰੇ ਕਮਰੇ ਵਿਚ ਟੀਵੀ ਕਦੋਂ ਲੱਗੇਗਾ
        ਤਾਨੀਆ ਦੇ ਰੂਮ ਵਿਚ
        ਲੱਗਾ ਹੈ ਐਲ. ਸੀ. ਡੀ.
        ਬੜਾ ਸੁਖੀ ਰੱਖਦੇ ਹਨ
        ਉਸਦੇ ਪਾਪਾ- ਮੰਮਾ ਉਸ ਨੂੰ
        ਵੇਖਦੀ ਹੈ ਉਹ ਕਾਰਟੂਨ
        ਜਦ ਵੀ ਮਨ ਚਾਹੇ
ਬੱਚੀ ਦਾ ਭੋਲਾ ਚਿਹਰਾ ਤੱਕਦਿਆਂ
ਮੈਨੂੰ ਤਾਨੀਆ ਦਾ ਘਰ ਚੇਤੇ ਆਉਂਦਾ
ਤਿੰਨ ਕਮਰਿਆਂ ਵਿਚ ਲੱਗੇ ਤਿੰਨ ਟੀਵੀ
        ਤਾਨੀਆ
        ਮਾਂ
        ਪਿਤਾ



Academy of the Punjab in North America: http://www.apnaorg.com

ਕਾਰਟੂਨ
ਨਾਟਕ
ਕ੍ਰਿਕਟ
ਸੱਭ ਕੁਝ ਤੈਰਦਾ
ਮੇਰੀਆਂ ਪਲਕਾਂ ਦੇ ਮਗਰਲੇ ਪਾਸੇ
ਆਉਂਦੇ ਯਾਦ
ਮੇਰੀ ਬੱਚੀ ਦੇ ਬੋਲ
ਦੱਸਦੀ ਸੀ ਜਦੋਂ
ਤਾਨੀਆ ਡਿਨਰ ਸੱਤ ਵਜੇ ਕਰਦੀ ਹੈ
ਪਾਪਾ ਉਸ ਦੇ
ਮੈਚ ਵੇਖਦੇ
ਖਾਣਾ ਵੀ ਭੁੱਲ ਜਾਂਦੇ
ਤੇ ਉਸਦੀ ਮੰਮਾ
ਸੀਰੀਅਲ ਦੀ ਬ੍ਰੇਕ ਵਿਚ ਹੀ
ਤੁਰਦੇ ਫਿਰਦੇ ਖਾਂਦੀ ਰਹਿੰਦੀ'
ਮੈਂ ਬੱਚੀ ਨੂੰ ਲਾ ਲੈਂਦਾ ਗੋਦੀ
ਚੁੰਮਦਾ ਉਸਦਾ ਮੱਥਾ
ਸੋਚਦਾ–
ਇਕ ਹੀ ਘਰ ਵਿਚ ਏਨੇ ਟੀਵੀ
ਇਹੀ ਹੈ 'ਕਮਿਊਨੀਕੇਸ਼ਨ ਰੈਵੋਲਿਊਸ਼ਨ'
ਜੋ ਮੁਕਾ ਰਿਹਾ ਹੈ
ਘਰ ਦੇ ਜੀਆਂ ਦਾ ਮੇਲ–ਮਿਲਾਪ
ਖਾ ਰਿਹਾ ਹੈ ਜੋ
ਉਹਨਾਂ ਦੀ ਬੋਲ– ਬਾਣੀ
ਉਹ ਇਨਕਲਾਬ
ਕਮਿਊਨੀਕੇਸ਼ਨ ਦਾ ਹੈ
ਜਾਂ ਡਿਸ– ਕਮਿਊਨੀਕੇਸ਼ਨ ਦਾ
— —



Academy of the Punjab in North America: http://www.apnaorg.com

ਮੈਂ ਮੱਥਾ ਖੁਰਚਦਾ
ਮੰਜੇ ਤੇ ਟੇਢਾ ਹੋ ਜਾਂਦਾ
ਸੰਬੰਧਾਂ ਦੀ ਪੈੜ ਨੱਪਦਾ
ਸੁੱਖ ਤੇ ਦੁੱਖ ਦੀ ਪਰਿਭਾਸ਼ਾ ਤਲਾਸ਼ਦਾ
ਮਾਲ
ਮਾਇਆ
ਪਿਛੇ ਦੌੜਦਾ
ਕਿੱਥੇ ਪਹੁੰਚ ਗਿਆ ਆਦਮੀ
ਫ਼ਿਰਦਾ ਹੈ ਉਲਝਿਆ
ਕਿਸ ਮੱਕੜ-ਜਾਲ ਵਿਚ
ਜੋ ਸੁੱਖ ਮਿਲਣਾ ਹੈ ਬੰਦੇ ਨੂੰ
ਆਪੇ ਦੇ ਨੇੜੇ ਹੋ ਕੇ
ਪਾ ਕੇ ਆਪਣੇ ਆਪ ਨੂੰ
ਫ਼ਿਰਦਾ ਤਲਾਸ਼ਦਾ ਉਸਨੂੰ
ਸੁਵਿਧਾਵਾਂ ਦੇ ਜੰਜਾਲ ਵਿਚੋਂ।



Academy of the Punjab in North America: http://www.apnaorg.com

## ਵਗਦੇ ਪਾਣੀਆਂ ਦੇ ਗੀਤ

ਤੂੰ ਆਖਦੈਂ
ਗੱਲ ਤਾਂ ਕੇਵਲ
ਕਿਨਾਰੇ 'ਤੇ ਪਹੁੰਚਣ ਦੀ ਹੈ
ਪਾਣੀਆਂ ਨੂੰ ਥਲ ਬਣਾ ਲੈ
ਅੱਖਾਂ 'ਚ ਰੱਖ
ਥਲਾਂ ਦਾ ਪਾਰ ਪਾਉਣ ਦੀ ਲਲਕ
ਸਮੁੰਦਰੀ ਕਿਸ਼ਤੀਆਂ ਦੇ ਮਲਾਹ ਵਾਂਗ
ਵਧਦਾ ਰਹਿ ਅੱਗੇ
ਆਖਦਾ ਹੈਂ ਤੂੰ

ਤੂੰ ਤਾਂ ਇਹ ਵੀ ਆਖਦੈਂ
ਰਸਤਿਆਂ 'ਚ ਬੜਾ ਕੂੜ-ਕਬਾੜ ਮਿਲਦਾ ਰਹਿੰਦਾ
ਦਿਸਦੇ ਰਹਿੰਦੇ ਰਸਤੇ 'ਚ –
ਮੱਛੀਆਂ
ਕੌਡੀਆਂ
ਸੱਪ
ਮਗਰਮੱਛ
ਵੇਲ-ਬੂਟੇ
ਨਹੀਂ ਲਾਈਦਾ ਇਹਨਾਂ ਵੱਲ ਧਿਆਨ ਕਦੀ ਵੀ
ਤੇਜ਼ ਚਾਲ ਚਲਦੇ
ਪਹੁੰਚ ਜਾਣਾ ਕਿਨਾਰੇ 'ਤੇ
ਇਸੇ ਖ਼ਾਤਿਰ ਹੁੰਦੀ ਹੈ ਜ਼ਿੰਦਗੀ
ਆਖਦੈਂ ਤੂੰ



Academy of the Punjab in North America: http://www.apnaorg.com

ਤੂੰ ਤਾਂ ਕਹਿੰਨੈਂ
ਸਮਾਂ ਬੜੀ ਤੇਜ਼ੀ ਨਾਲ ਬਦਲਦੈ
ਚੱਲਿਆ ਕਰ
ਸਮੇਂ ਦੇ ਕਦਮ ਨਾਲ ਕਦਮ ਮਿਲਾ ਕੇ
ਇਕ ਵੇਰਾਂ ਹੱਥੋਂ ਖੁੰਝਿਆ ਸਮਾਂ
ਮੁੜ ਡਾਹ ਨਹੀਂ ਦਿੰਦਾ
ਇਧਰ-ਉਧਰ ਤੱਕੇਂਗਾ
ਤਾਂ ਲੰਘ ਜਾਵੇਗਾ ਸਮਾਂ ਹੱਥੋਂ

ਤੂੰ ਆਖਦੈਂ
ਗੱਲ ਤਾਂ ਕਿਨਾਰੇ ਪਹੁੰਚਣ ਦੀ ਹੁੰਦੀ ਹੈ

ਮੈਂ ਗਾਉਣੇ ਚਾਹੁੰਨਾਂ
ਵਗਦੇ ਪਾਣੀਆਂ ਦੇ ਗੀਤ।



Academy of the Punjab in North America: http://www.apnaorg.com

## ਦ੍ਰਿਸ਼

ਦੌੜਨ ਲਈ ਤਿਆਰ ਕਾਰ
ਮੁੜ-ਮੁੜ ਘੜੀ ਦੇਖਦਾ ਬਾਪ
ਸਾੜੀ ਦਾ ਪੱਲੂ ਸਾਂਭਦੀ
ਮੁੜ-ਮੁੜ ਸ਼ੀਸ਼ਾ ਤੱਕਦੀ ਮਾਂ
ਤੋਤਲੇ ਬੋਲਾਂ ਵਿਚ ਬੋਲਦਾ
ਬਾਰੀ ਥੀਂ ਬਾਹਰ ਵੇਖਦਾ ਬੱਚਾ –
ਮਾਂ
ਇਕ ਦਰਖ਼ਤ ਵੱਡਾ
ਦੂਜਾ ਛੋਟਾ ਕਿਉਂ ਹੈ ?



Academy of the Punjab in North America: http://www.apnaorg.com

## ਕਵਿਤਾ

ਰੰਗ -ਬਰੰਗੀ ਸ਼ਕਲ ਵਾਲਾ ਬੱਚਾ
ਖੇਡਦਾ ਫਿਰਦਾ ਇਕ- ਰੰਗੀ ਗੇਂਦ ਨਾਲ
ਉਛਾਲਦਾ
ਪੈਰ ਨਾਲ ਪਰ੍ਹਾਂ ਸੁੱਟ ਦਿੰਦਾ
ਫਿਰ ਦੌੜਦਾ- ਪੋਲੇ ਕਦਮੀਂ
ਟੇਢਾ-ਮੇਢਾ ਹੋ ਪਹੁੰਚਦਾ ਗੇਂਦ ਤੀਕਰ
ਚੁੱਕਦਾ
ਚੁੰਮ ਲੈਂਦਾ
ਬੱਚੇ ਦੀ ਛੋਹ ਪਾ
ਰੰਗੀਨ ਹੋ-ਹੋ ਜਾਂਦੀ
ਇਕ-ਰੰਗੀ ਗੇਂਦ

ਡੁਗਡੁਗੀ ਵਜਾਉਂਦਾ ਮਦਾਰੀ
ਤਾਂ ਹਰਕਤ ਵਿੱਚ ਆ ਜਾਂਦਾ
ਚੁੱਪ ਬੈਠਾ ਬਾਂਦਰ
ਉੱਠਦਾ
ਦੋਹਾਂ ਪੈਰਾਂ 'ਤੇ ਖੜ੍ਹਾ ਹੋ ਦਿੰਦਾ ਸਲਾਮੀ
ਫਿਰ ਚੋਹਾਂ 'ਤੇ ਹੋ ਜਾਂਦਾ
ਨੱਚਦਾ- ਟੱਪਦਾ
ਮਦਾਰੀ ਦੁਆਲੇ ਚੱਕਰ ਕੱਟਦਾ
ਡੁਗਡੁਗੀ 'ਤੇ ਥਿਰਕਦਾ
ਕਿਸੇ ਨੂੰ ਘੂਰਦਾ
ਕਿਸੇ ਨੂੰ ਸਲਾਮ ਕਰਦਾ
ਕਿਸੇ ਦੇ ਨੇੜੇ
ਕਿਸੇ ਦੇ ਦੂਰ ਹੁੰਦਾ ਜਾਂਦਾ
ਮਦਾਰੀ ਦੇ ਇਸ਼ਾਰਿਆਂ ਤੇ ਨੱਚਦਾ ਬਾਂਦਰ



Academy of the Punjab in North America: http://www.apnaorg.com

ਹਵਾ ਦਾ ਬੁੱਲਾ ਆਉਂਦਾ
ਤਾਂ ਸੰਗੀਤ ਵਿੱਚ ਆ ਜਾਂਦੇ ਪੱਤੇ
ਬਿਰਖ 'ਤੇ ਲੱਗੇ ਪੱਤੇ
ਹਵਾ ਦੇ ਨਾਲ-ਨਾਲ ਝੂਮਦੇ
ਨੱਚਦੇ
ਜਾਪਦੇ ਜਿਉਂ ਪੌਣ ਦੇ ਗੀਤ ਗਾਉਂਦੇ
ਜ਼ਮੀਨ 'ਤੇ ਡਿੱਗੇ ਪੱਤੇ
ਉਡ-ਉਡ ਜਾਂਦੇ
ਹਵਾ ਦਾ ਸੰਗੀਤ ਸਮਝਦੇ
ਸੰਗੀਤ ਦੀਆਂ ਧੁਨਾਂ 'ਤੇ ਨਿਰਤ ਕਰਦੇ
ਖ਼ੁਦ ਵੀ ਰੰਗ-ਰਾਗ ਹੋ ਜਾਂਦੇ

ਮੈਂ ਹੱਥ ਵਿੱਚ ਕੋਰੇ ਕਾਗਜ਼ ਫੜੀ
ਆਪਣੇ ਕਮਰੇ ਵਿੱਚ ਬੈਠਾ
ਕਵਿਤਾ ਉਡੀਕਦਾਂ ।



Academy of the Punjab in North America: http://www.apnaorg.com

## ਗ਼ਜ਼ਲ

ਬੜਾ ਆਸਾਨ ਹੈ ਕਹਿਣਾ, ਬੜਾ ਮੁਸ਼ਕਿਲ ਹੈ ਚੁੱਪ ਰਹਿਣਾ।
ਕਦੇ ਦਰਦਾਂ ਦੇ ਖ਼ੂਹ ਪੁੱਟਣੇ, ਕਦੇ ਸਾਗ਼ਰ 'ਚ ਵਗ ਰਹਿਣਾ।

ਗੁਆ ਕੇ ਆਪਣਾ ਆਪਾ ਮੈਂ ਤੇਰਾ ਗੀਤ ਬਣਿਆ ਹਾਂ,
ਤੂੰ ਗਾ ਤੇ ਜਾਂ ਨਾ ਗਾ ਪਰ ਮੈਂ ਤੇਰੇ ਹੋਠਾਂ 'ਤੇ ਹੀ ਰਹਿਣਾ।

ਇਹ ਕਿਸਦੀ ਹੈ ਰਜ਼ਾ ਜੋ ਵੰਡ ਤੇ ਦੰਗੇ ਕਰਾਉਂਦੀ ਹੈ,
ਜੇ ਏਹੋ ਕਾਰ ਹੈ ਤੇਰੀ ਤਾਂ ਮੈਂ ਨਹੀਂ ਏਸ ਵਿਚ ਰਹਿਣਾ ।

ਉਹ ਮੇਰਾ ਧਰਮ ਪੁੱਛਦੇ ਨੇ, ਉਹ ਮੇਰੀ ਜਾਤ ਪੁੱਛਦੇ ਨੇ,
ਮੈਂ ਖ਼ੁਦ ਹੀ ਜਾਣ ਨ੍ਹੀਂ ਸਕਿਆ ਅਜੇ ਉਹਨਾਂ ਨੂੰ ਕੀ ਕਹਿਣਾ।

ਮੁਹੱਬਤ ਦਰਦ ਦਿੰਦੀ ਹੈ, ਮੁਹੱਬਤ ਪੀੜ ਬਣਦੀ ਹੈ,
ਹਸ਼ਰ ਤੱਕ ਫ਼ੇਰ ਵੀ ਐਪਰ ਮੁਹੱਬਤ ਨੇ ਖ਼ੁਦਾ ਰਹਿਣਾ।



Academy of the Punjab in North America: http://www.apnaorg.com

## ਗ਼ਜ਼ਲ

ਜਦ ਵੀ ਕਵਿਤਾ ਉੱਠਣ ਲੱਗੀ, ਹੁਕਮ ਸੁਣਾਇਆ ਰਾਜੇ ਨੇ।
ਲੈ ਕੇ ਧਰਮ ਗਰੰਥ ਕਵੀ ਦੇ ਹੱਥ ਫੜਾਇਆ ਰਾਜੇ ਨੇ।

ਅੱਗ ਦਿਲਾਂ ਵਿਚ ਲਾਵਣ ਖ਼ਾਤਰ ਤੀਲ੍ਹੀ ਉਸਨੇ ਬਾਲੀ ਸੀ,
ਭੋਲੇ ਲੋਕੀ ਸਮਝੇ ਜੀਕਰ ਦੀਪ ਜਗਾਇਆ ਰਾਜੇ ਨੇ।

ਹੁਣ ਉਪਦੇਸ਼ਕ ਮਨ ਦੀ ਸੁਣਨੋਂ ਮੁਨਕਰ ਹੋ ਕੇ ਬੈਠ ਗਿਐ,
ਉਹ ਤਾਂ ਹਰ ਪਲ ਸੁਣਦੈ ਜਿਹੜਾ ਰਾਗ਼ ਸੁਣਾਇਆ ਰਾਜੇ ਨੇ ।

ਜਿਸਦੇ ਘਰ ਨੂੰ ਲੁੱਟਦਾ-ਲੁੱਟਦਾ ਏਥੋਂ ਤੀਕਰ ਅੱਪੜਿਐ,
ਉਹਦੇ ਚਰਨਾਂ ਵਿਚ ਹਰ ਦਿਨ ਪਰਸ਼ਾਦ ਚੜ੍ਹਾਇਆ ਰਾਜੇ ਨੇ ।

ਚੂਹੇ ਤੇਰੇ ਪੇਟ 'ਚ ਚਾਹੇ ਨੱਚਣ ਜਾਂ ਹੜਤਾਲ ਕਰਨ,
ਹਜ਼ਮ ਕਰੀ ਜਾਣਾ ਹੈ ਸਾਰਾ ਮਾਲ ਪਰਾਇਆ ਰਾਜੇ ਨੇ।



Academy of the Punjab in North America: http://www.apnaorg.com

## ਗ਼ਜ਼ਲ

ਇਸ਼ਾਰਾ ਇੱਕ ਤੇਰਾ ਇਸ਼ਕ ਜਿਸਨੂੰ ਕਰ ਗਿਆ ਹੋਣੈ।
ਉਹ ਬੰਦਾ ਅੱਗ ਦਾ ਦਰਿਆ ਵੀ ਹਸ ਕੇ ਤਰ ਗਿਆ ਹੋਣੈ।

ਹਨੇਰਾ ਮਿਟ ਰਿਹੈ ਇਕ ਲੀਕ ਚਾਨਣ ਦੀ ਉਦੈ ਹੋਈ,
ਦਸਤਖ਼ਤ ਨ੍ਹੇਰਿਆਂ 'ਤੇ ਕੋਈ ਸੂਰਜ ਕਰ ਗਿਆ ਹੋਣੈ।

ਨਾ ਕੋਈ ਰਾਮ ਆਇਆ ਮੁੜ ਕੇ ਨਾ ਨਾਨਕ ਤੇ ਨਾ ਈਸਾ,
ਘੜਾ ਪਾਪਾਂ ਦਾ ਹੁਣ ਤੱਕ ਲੱਖ ਵਾਰੀ ਭਰ ਗਿਆ ਹੋਣੈ।

ਇਹ ਹਰ ਯੁਗ ਵਿਚ ਹੁੰਦੈ, ਇਕ ਵਾਰੀ ਦਾ ਨਹੀਂ ਕਿੱਸਾ,
ਯੁਧਿਸ਼ਟਰ ਫੇਰ ਤੀਵੀਂ ਨੂੰ ਜੂਏ ਵਿਚ ਹਰ ਗਿਆ ਹੋਣੈ।

ਹਰਿਕ ਸਾਹ ਨਾਲ ਸਿਰਨਾਵਾਂ ਸੀ ਪੁੱਛਦਾ ਆਪਣੇ ਘਰ ਦਾ,
ਜੋ ਬੇਘਰ ਸੀ ਉਹ ਖ਼ੌਰੇ ਅੰਤ ਕਿਹੜੇ ਘਰ ਗਿਆ ਹੋਣੈ।

ਬੰਦੇ ਦੇ ਖ਼ੂਨ ਦੀ ਜਿਸਨੇ ਕੁੜੱਤਣ ਪੀ ਲਈ ਹੋਣੀ,
ਉਹ ਪੰਛੀ ਮਰਦੇ-ਮਰਦੇ, ਮਰਦੇ-ਮਰਦੇ, ਮਰ ਗਿਆ ਹੋਣੈ।

ਉਹ ਦੁੱਖ ਜਿਸ ਤੋਂ ਕਿ ਸਾਰਾ ਜੱਗ ਡਰਦਾ ਹੈ ਤੇ ਕੰਬਦਾ ਹੈ,
ਉਹ ਦੂਰੋਂ ਦੇਖ ਕੇ ਹੀ ਮੇਰੀ ਹਾਲਤ ਡਰ ਗਿਆ ਹੋਣੈ।

ਉਹ ਤੇਰੇ ਜਾਣ ਪਿੱਛੋਂ ਔਸੀਆਂ ਜੋਗੀ ਹੀ ਰਹਿ ਗਈ ਸੀ,
ਤਿਰਾ ਖ਼ਤ ਲਾ ਕਲੇਜੇ ਮਾਂ ਦਾ ਸੀਨਾ ਠਰ ਗਿਆ ਹੋਣੈ।

ਇਹ ਦੁਨੀਆਂ ਹੈ ਤੇ ਏਥੇ ਆਉਣਾ ਜਾਣਾ ਚੱਲਦਾ ਰਹਿੰਦੈ,
ਜਿਵੇਂ ਸਰਦਾ ਹੈ ਸਭ ਦੇ ਬਿਨ, ਮਿਰੇ ਬਿਨ ਸਰ ਗਿਆ ਹੋਣੈ।



Academy of the Punjab in North America: http://www.apnaorg.com

## ਗ਼ਜ਼ਲ

ਘਰੋਂ ਜਿਹਨਾਂ ਸੀ ਘੱਲੇ ਸੱਧਰਾਂ ਚਾਵਾਂ ਨਾਲ।
ਕੀਕਣ ਵੰਡੀਏ ਹਉਕੇ ਉਹਨਾਂ ਮਾਵਾਂ ਨਾਲ?

ਮਨ ਅੰਦਰਲੀ ਅੱਗ ਤਾਂ ਤੇਰੀ ਆਪਣੀ ਹੈ,
ਕਾਹਦਾ ਰੋਸਾ ਤੱਤੀਆਂ, ਠੰਢੀਆਂ 'ਵਾਵਾਂ ਨਾਲ।

ਉਸਨੇ ਹੁਣ ਨਹੀਂ ਪਾਉਣੀ ਤੇਰੇ ਘਰ ਫੇਰੀ,
ਕਾਹਤੋਂ ਝੱਲਿਆ ਉਲਝੀ ਜਾਵੇਂ ਕਾਵਾਂ ਨਾਲ।

ਜ਼ਿੰਦਗੀ ਦਾ ਦਿਲ ਆਸ਼ਿਕ ਵਰਗਾ ਹੀ ਹੁੰਦੈ,
ਮੌਤ ਕੁੜੀ ਮੋਹ ਲੈਂਦੀ ਸ਼ੋਖ ਅਦਾਵਾਂ ਨਾਲ।

ਦਿਲ ਤੋਂ ਦਿਲ ਦੀ ਦੂਰੀ ਡਾਢੀ ਲੰਮੀ ਹੈ,
ਤੈਅ ਨਹੀਂ ਹੋਇਆ ਕਰਦੀ ਕੱਲੀਆਂ ਲਾਵਾਂ ਨਾਲ।



Academy of the Punjab in North America: http://www.apnaorg.com

## ਗ਼ਜ਼ਲ

ਹਵਾ ਦਾ, ਜਲ ਦਾ, ਅਗਨੀ ਦਾ, ਮੁਹੱਬਤ ਦਾ ਸਬੱਬ ਪੁੱਛਦੈ।
ਮੈਂ ਕਿਹੜੇ ਰੱਬ ਦਾ ਬੰਦਾਂ, ਇਹ ਮੈਥੋਂ ਮੇਰਾ ਰੱਬ ਪੁੱਛਦੈ।

'ਇਹ ਦੋਰਾਹਾ ਹੈ, ਮੈਂ ਜਾਵਾਂ ਕਿਧਰ, ਕਿੱਧਰ ਨੂੰ ਨਾ ਜਾਵਾਂ',
ਮਿਰਾ ਮਸਤਕ ਮਿਰੇ ਦਿਲ ਨੂੰ ਜਬਾੜ੍ਹੇ ਹੇਠ ਚੱਬ ਪੁੱਛਦੈ।

ਜੋ ਮੈਨੂੰ ਢੂੰਡਦਾ ਆਇਆ ਹੈ ਜਦ ਤੋਂ ਹੋਸ਼ ਮੈਂ ਸਾਂਭੀ,
'ਲਵੇਂਗਾ ਮੁਕਤੀ ਦੀ ਖ਼ਾਹਿਸ਼ ਨੂੰ ਕੁਝ ਚਿਰ ਹੋਰ ਦੱਬ' ਪੁੱਛਦੈ।

ਇਹ ਬੰਦਾ ਹੈ, ਇਹ ਭਗਵੇਂ ਪਾ ਵੀ ਸਕਦੈ, ਲਾਹ ਵੀ ਸਕਦਾ ਹੈ,
ਸੁਬ੍ਹਾ ਸੀ ਪੁੱਛਦਾ ਮੰਦਰ ਦਾ ਰਸਤਾ, ਹੁਣ ਜੋ 'ਪੱਬ' ਪੁੱਛਦੈ।

'ਤਿਰੇ ਅੰਦਰ ਸਮੁੰਦਰ ਹੈ, ਕਿਵੇਂ ਉਸ ਨੂੰ ਸਮੇਟਾਂ ਮੈਂ',
ਮਿਰੇ ਪੁੱਤਰ ਦੇ ਘਰ ਦਾ ਰੋਜ਼ ਮੈਥੋਂ 'ਬਾਥ ਟੱਬ' ਪੁੱਛਦੈ।



Academy of the Punjab in North America: http://www.apnaorg.com

## ਗ਼ਜ਼ਲ

ਬਰਸ ਜਾਂਦੀ ਹੈ ਫ਼ਿਰ ਇਕ ਵਾਰ ਜਾਂਦੀ ਵਾਰ ਦੀ ਬਾਰਿਸ਼।
ਕਿਸੇ ਨੂੰ ਜ਼ਿੰਦਗ਼ੀ ਦਿੰਦੀ ਕਿਸੇ ਨੂੰ ਮਾਰਦੀ ਬਾਰਿਸ਼।

ਜਦੋਂ ਮਨ ਭਰ ਕੇ ਵਗਦਾ ਹੈ ਤਾਂ ਮੈਂ ਖ਼ੁਦ ਪੀੜ ਬਣ ਜਾਨਾਂ,
ਜਦੋਂ ਮਸਤੀ 'ਚ ਵਗਦੈ ਮਨ ਤਾਂ ਸੀਨਾ ਠਾਰਦੀ ਬਾਰਿਸ਼।

ਮਿਰੇ ਅੰਦਰ ਸਰੋਤਾਂ ਨੇ ਕੀ ਸੁੱਕਣਾ ਹੈ ਉਦੋਂ ਤੀਕਰ,
ਜਦੋਂ ਤੱਕ ਮਨ 'ਚ ਹੁੰਦੀ ਪਿਆਰ ਤੇ ਤਕਰਾਰ ਦੀ ਬਾਰਿਸ਼।

ਅਜੇ ਦਿਲ ਰੱਖ ਤੂੰ, ਹੈ ਆਸ ਮਿਲਣੇ ਦੀ ਅਜੇ ਬਾਕੀ,
ਔਹ ਦਿਸਦੀ ਹੈ ਅਜੇ ਸਰਹੱਦ ਦੇ ਪਰਲੇ ਪਾਰ ਦੀ ਬਾਰਿਸ਼।

ਅਸਾਡੇ ਕੋਲ ਨਾ ਨਹਿਰਾਂ ਤੇ ਨਾ ਬਿਜਲੀ ਦਾ ਹੈ ਸਾਧਨ,
ਅਸੀਂ ਤਾਂ ਰੁਲ ਹੀ ਜਾਂਦੇ ਜੇ ਨਾ ਬੁੱਤਾ ਸਾਰਦੀ ਬਾਰਿਸ਼।



Academy of the Punjab in North America: http://www.apnaorg.com

## ਗ਼ਜ਼ਲ

ਕਿਹੜੇ ਰਸਤੇ ਜਾਵਾਂ ਕਿ ਕੋਈ ਰਾਹ ਨਿਕਲੇ।
ਭਟਕਣ ਮੁੱਕੇ, ਕਹੇ ਜ਼ੁਬਾਂ – 'ਬੱਸ ਆਹ ਨਿਕਲੇ'।

ਪੱਥਰ ਦੇ ਦਿਲ ਵਾਲਿਆਂ ਨੂੰ ਕੀ ਸਮਝ ਭਲਾ,
ਦਿਲ ਵਿੱਚੋਂ ਕਿੰਝ ਤੱਤਾ-ਠੰਢਾ ਸਾਹ ਨਿਕਲੇ।

ਬਿਜਲੀ ਕੜਕ ਰਹੀ ਸੀ, ਫ਼ਿਰ ਵੀ ਚੰਨ-ਤਾਰੇ,
ਮਨ ਤੋਂ ਡਰ ਦੇ ਸਾਰੇ ਬਸਤਰ ਲਾਹ ਨਿਕਲੇ।

ਨੰਗੇ ਪੈਰਾਂ ਵਿੱਚ ਲੰਮੀ ਪਰਵਾਜ਼ ਭਰੀ,
ਬੱਚਾ ਘਰ 'ਚੋਂ ਹੋ ਕੇ ਬੇਪਰਵਾਹ ਨਿਕਲੇ।

ਇਹ ਕੈਸਾ ਇਨਸਾਫ਼ ਸੁਣਾਇਆ ਮੁਨਸਿਫ਼ ਨੇ,
ਕਾਤਲ ਸਾਰੇ ਵਾਅਦਾ-ਮਾਫ਼ ਗਵਾਹ ਨਿਕਲੇ।



Academy of the Punjab in North America: http://www.apnaorg.com

## ਗ਼ਜ਼ਲ

ਬਲਾ ਦੀ ਇਸ਼ਕ ਸ਼ੈਅ ਹੈ ਇਹ ਹਸਾਉਂਦਾ ਵੀ, ਰਵਾਉਂਦਾ ਵੀ।
ਬੜਾ ਮਾਸੂਮ ਕਾਤਿਲ ਹੈ ਰੁਸਾਉਂਦਾ ਵੀ, ਮਨਾਉਂਦਾ ਵੀ।

ਕਦੇ ਨੀਵਾਂ, ਕਦੇ ਉੱਚਾ, ਕਦੇ ਉੱਚਾ, ਕਦੇ ਨੀਵਾਂ,
ਇਹ ਕੈਸਾ ਸ਼ਖ਼ਸ ਹੈ ਜੋ ਨਾਂ ਕਮਾਉਂਦਾ ਵੀ, ਗੰਵਾਉਂਦਾ ਵੀ।

ਮੈਂ ਅਪਣਾ ਰੱਬ ਆਪਣੇ ਅੰਦਰੋਂ ਲਭ ਕੇ ਹੀ ਜਿੱਤਾਂਗਾ,
ਇਹ ਤੇਰਾ ਰੱਬ ਕਾਹਦਾ ਰਬ, ਜਿਤਾਉਂਦਾ ਵੀ, ਜਤਾਉਂਦਾ ਵੀ।

ਖ਼ੁਦਾਈ ਵੱਖਰੀ ਸਾਡੀ, ਅਸੀਂ ਆਸ਼ਿਕ ਖ਼ਿਆਲਾਂ ਦੇ,
ਅਸਾਡਾ ਇਸ਼ਟ ਹੀ ਸਾਨੂੰ ਸਿਖਾਉਂਦਾ ਵੀ, ਭੁਲਾਉਂਦਾ ਵੀ।

ਗੁਰੂ ਦੀ ਬਾਤ ਵੀ ਸਮਝੇ ਤੇ ਉਸਦੀ ਦਾਤ ਵੀ ਸਾਂਭੇ,
ਕੋਈ ਟਾਵਾਂ ਹੀ ਬੰਦਾ ਸਿਰ ਨਿਵਾਉਂਦਾ ਵੀ, ਕਟਾਉਂਦਾ ਵੀ।



Academy of the Punjab in North America: http://www.apnaorg.com

## ਗ਼ਜ਼ਲ

ਉਹ ਅਪਣੇ ਸਿਰ ਨੂੰ ਸਾਂਭੇ, ਆਪਣੀ ਦਸਤਾਰ ਨੂੰ ਸਾਂਭੇ।
ਜਿਊਂਦਾ ਮਨ ਨੂੰ ਰੱਖੇ, ਆਦਮੀ ਕਿਰਦਾਰ ਨੂੰ ਸਾਂਭੇ।

ਇਹ ਜੀਵਨ ਸਬਰ ਵੀ ਮੰਗਦੈ, ਹਲੀਮੀ ਵੀ ਤੇ ਸ਼ਕਤੀ ਵੀ,
ਸਮੇਂ ਮੂਜਬ ਹੀ ਬੰਦਾ ਜਜ਼ਬੇ ਤੇ ਹਥਿਆਰ ਨੂੰ ਸਾਂਭੇ।

ਬੜਾ ਹੀ ਬੋਝ ਪੈਂਦੈ ਚੁੱਕਣਾ ਮਨ ਨੂੰ, ਨਵੇਂ ਯੁਗ ਵਿਚ,
ਤਿੜਕਦੇ ਘਰ ਨੂੰ, ਟੁੱਟਦੇ ਰਿਸ਼ਤਿਆਂ ਦੇ ਭਾਰ ਨੂੰ ਸਾਂਭੇ।

ਉਦ੍ਹਾ ਮਨ ਭਟਕਦੈ ਹੁਣ ਹਾਰਿਆ ਜੋ ਜ਼ਿੰਦਗੀ ਤੈਂਨੂੰ,
ਉਹ ਤੇਰੀ ਜਿੱਤ ਨੂੰ ਮਾਣੇ ਕਿ ਆਪਣੀ ਹਾਰ ਨੂੰ ਸਾਂਭੇ।

ਤਿਰੇ ਰਾਹਾਂ ’ਤੇ ਤੁਰ ਕੇ ਸੀਸ ਦਾ ਜੋਖਮ ਲਵੇ ਕਿਹੜਾ,
ਇਹ ਬੰਦਾ ਅੱਜ ਦਾ ਬੱਸ ਆਪਣੇ ਘਰ-ਬਾਰ ਨੂੰ ਸਾਂਭੇ।



Academy of the Punjab in North America: http://www.apnaorg.com

## ਗ਼ਜ਼ਲ

ਇਸ਼ਕ ਦੀਆਂ ਚੋਟਾਂ ਇਕ ਵਾਰੀ ਮਨ ਆਪਣੇ ਤੇ ਖਾ ਕੇ ਦੇਖ।
ਜੀਵਨ, ਜੀਵਨ ਬਣ ਜਾਵੇਗਾ, ਆਪਣਾ ਆਪ ਭੁਲਾ ਕੇ ਦੇਖ।

ਛੱਡ ਘਰ ਦੀ ਦੇਣੀ ਪਰਿਭਾਸ਼ਾ, ਕੀ ਮਿੱਟੀ ਪੱਥਰ ਦੇ ਘਰ,
ਆਪਣਾ ਕੁੱਲ ਜਹਾਨ ਦਿਸੇਗਾ, ਘਰ ਤੋਂ ਬਾਹਰ ਆ ਕੇ ਦੇਖ।

ਜੰਗਲ ਹੈ, ਰਸਤੈ, ਮੰਜ਼ਿਲ ਹੈ, ਮਸਤੀ, ਹਾਸੇ, ਰੋਣੇ ਵੀ,
ਮੰਦਿਰ-ਮਸਜਿਦ ਵਾਲਾ ਪੰਨਾ ਇਕ ਵੇਰਾਂ ਪਲਟਾ ਕੇ ਦੇਖ।

ਬੰਦੇ ਸੰਗ ਰੁੱਖਾਂ ਦਾ ਰਿਸ਼ਤਾ, ਨਹੁੰਆਂ ਦੇ ਨਾਲ ਮਾਸ ਜਿਹਾ,
ਰੁੱਖ ਤੇਰੇ ਸੰਗ ਜੀਣ-ਮਰਨਗੇ, ਰੁੱਖਾਂ ਨੂੰ ਅਜ਼ਮਾ ਕੇ ਦੇਖ।

ਭਰਮ ਮੁਕੱਦਰ ਵਾਲਾ ਐਵੇਂ ਪਾਲੀ ਫਿਰਦੀ ਮਾਨਵਤਾ,
ਨਾਲ ਮੁਕੱਦਰ ਵੀ ਤੁਰ ਪੈਣੈ, ਅੱਗੇ ਕਦਮ ਵਧਾ ਕੇ ਦੇਖ।



Academy of the Punjab in North America: http://www.apnaorg.com

## ਗ਼ਜ਼ਲ

ਉਹ ਮੰਜ਼ਰ ਯਾਦ ਆਉਂਦੇ ਨੇ ਬੜੇ, ਘਰ ਯਾਦ ਆਉਂਦੇ ਨੇ।
ਆਵਾਜ਼ਾਂ ਮਾਰਦੇ ਸਨ ਜੋ ਕਦੇ, ਦਰ ਯਾਦ ਆਉਂਦੇ ਨੇ।

ਮੁਸਾਫ਼ਿਰ ਹੋ ਗਿਆਂ ਨੂੰ, ਆਪਣੇ ਘਰ ਯਾਦ ਆਉਂਦੇ ਨੇ,
ਜੋ ਸਰ ਹੁੰਦੇ ਸੀ ਸੁਬਹਾ-ਸ਼ਾਮ, ਅੰਬਰ ਯਾਦ ਆਉਂਦੇ ਨੇ।

ਉਦ੍ਹੀ ਕਲਗੀ ਸਲਾਮਤ ਹੈ ਤੇ ਪਿੰਜਰਾ ਵੀ ਸਲਾਮਤ ਹੈ,
ਮਗਰ ਪੰਛੀ ਬੜਾ ਰੋਂਦੈ ਜਦੋਂ ਪਰ ਯਾਦ ਆਉਂਦੇ ਨੇ।

ਮੁਹੱਬਤ ਹੋ ਗਈ ਤੋਂ ਆਪਣੇ ਅੰਦਰ ਮਹਿਲ ਉਸਰੇ,
ਕਦੋਂ ਫ਼ਿਰ ਤਾਜ ਦੇ ਅੰਦਰਲੇ ਪੱਥਰ ਯਾਦ ਆਉਂਦੇ ਨੇ।

ਕਿਸੇ ਦਰਿਆ ਦੇ ਧੁਰ ਅੰਦਰ ਉਤਰ ਕੇ ਹੀ ਪਤਾ ਚੱਲਦੈ,
ਕਿ ਉਸਨੂੰ ਕਿਸ ਤਰ੍ਹਾਂ ਪਰਬਤ, ਸਮੁੰਦਰ ਯਾਦ ਆਉਂਦੇ ਨੇ।

ਸਵੈ ਮੇਰੀ ਜਦੋਂ ਵੀ ਮੇਰੇ ਸਾਹਵੇਂ ਨਗਨ ਹੁੰਦੀ ਹੈ,
ਮਿਰੇ ਮਹਿਬੂਬ, ਤੇਰੇ ਮੋਹ ਦੇ ਵਸਤਰ ਯਾਦ ਆਉਂਦੇ ਨੇ।



Academy of the Punjab in North America: http://www.apnaorg.com

## ਗ਼ਜ਼ਲ

ਕਦੋਂ ਤੱਕ ਜਜ਼ਬਿਆਂ ਨੂੰ ਸਾਂਭ ਰੱਖਦੇ ਹਿਰਦਿਆਂ ਅੰਦਰ।
ਲਹਿਰ ਉੱਛਲੇ ਤਾਂ ਜਲ ਰਹਿੰਦਾ ਨਾ ਬੰਨ੍ਹਿਆ ਕੰਢਿਆਂ ਅੰਦਰ।

ਕੋਈ ਵੇਲਾ ਸੀ, ਵਸਦੀ ਸੀ ਖ਼ੁਦਾਈ ਵੀ ਘਰਾਂ ਅੰਦਰ,
ਤੇ ਹੁਣ ਦੋ-ਚਾਰ ਜੀਅ ਵਸਦੇ ਨੇ, ਘਰ ਦੇ ਪਰਦਿਆਂ ਅੰਦਰ।

ਅਸੀਂ ਮਰ-ਮਰ ਕੇ ਜੀਵਨ ਦਾ ਸਮੁੰਦਰ ਤਰ ਗਏ ਉਂਝ ਤਾਂ,
ਬੜਾ ਕੁਝ ਡੁਬ ਗਿਆ ਐਪਰ, ਸਮੁੰਦਰ ਤਰਦਿਆਂ ਅੰਦਰ।

ਬੜਾ ਜਰਿਆ ਸਿਤਮ ਬਾਜ਼ਾਰ ਦਾ ਪਿੰਡੇ ਅਸੀਂ ਆਪਣੇ,
ਬਚੇ ਹਾਸੇ ਤੇ ਨਾ ਰੋਣੇ, ਸਿਤਮ ਇਹ ਜਰਦਿਆਂ ਅੰਦਰ।

ਰਹਿਣ ਮਰਦੇ ਉਹ ਪਲ-ਪਲ, ਜੀ ਕੇ ਵੀ ਹਰ ਯੁੱਗ ਦੇ ਭੀਸ਼ਮ,
ਜਿਊਂਦਾ ਕੁਝ ਨਹੀਂ ਬਚਦਾ ਹੈ ਪਲ ਪਲ ਮਰਦਿਆਂ ਅੰਦਰ।



Academy of the Punjab in North America: http://www.apnaorg.com

## ਗ਼ਜ਼ਲ

ਰਿਹਾ ਹੈ ਸਿਰ ਮੇਰੇ ਉੱਤੇ ਸਦਾ ਅਹਿਸਾਨ ਮਿੱਟੀ ਦਾ।
ਇਹੀ ਹੈ ਸਾਂਭਦੀ ਮੈਨੂੰ, ਮੈਂ ਹਾਂ ਇਨਸਾਨ ਮਿੱਟੀ ਦਾ।

ਮੈਂ ਉਡਿਆ, ਡਿੱਗਿਆ, ਫਿਰ ਉੱਠਿਆ, ਤੁਰਿਆ ਤੇ ਫਿਰ ਭਜਿਆ,
ਰਿਹਾ ਪੈਰਾਂ ਤਲੇ ਹਰਦਮ ਮਿਰੇ ਅਸਮਾਨ ਮਿੱਟੀ ਦਾ।

ਕੋਈ ਤਾਂ ਆਪਣਾ ਹੋਵੇਗਾ ਮੇਰਾ ਇਸ ਜਹਾਂ ਅੰਦਰ,
ਇਸੇ ਹੀ ਭਾਲ ਵਿਚ ਗਾਹਿਆ ਮੈਂ ਹਰ ਅਸਥਾਨ ਮਿੱਟੀ ਦਾ।

ਇਹ ਮਿੱਟੀ 'ਚੋਂ ਹੀ ਉੱਠੇ ਨੇ ਤੇ ਮਿੱਟੀ ਹੀ ਨੇ ਹੋ ਜਾਣੇ,
ਕੋਈ ਇਨਸਾਨ ਮਿੱਟੀ ਦਾ, ਕੋਈ ਭਗਵਾਨ ਮਿੱਟੀ ਦਾ।

ਉਸੇ ਨੇ ਥਾਹ ਪਾਈ ਆਪਣੇ ਅੰਦਰਲੀ ਮਿੱਟੀ ਦੀ,
ਜੋ ਆਪਣਾ ਛੱਡ ਕੇ ਦਰ ਹੋ ਗਿਆ ਮਹਿਮਾਨ ਮਿੱਟੀ ਦਾ।

ਤੂੰ ਜੇਕਰ ਏਸ 'ਤੇ ਹੀ ਤੁਰਨ ਤੋਂ ਡਰ ਘਰ ਰਿਹਾ ਬੈਠਾ,
ਕਿਵੇਂ ਪੂਰਾ ਕਰੇਂਗਾ ਫੇਰ ਤੂੰ ਅਰਮਾਨ ਮਿੱਟੀ ਦਾ।

ਇਹ ਮਿੱਟੀ ਰਾਮ ਦੀ, ਅੱਲਾ ਦੀ, ਨਾਨਕ ਦੀ ਤੇ ਈਸਾ ਦੀ,
ਹੁਣ ਇਸ ਨੂੰ ਵੰਡ ਕੇ ਕਿਉਂ ਕਰ ਰਹੇ ਅਪਮਾਨ ਮਿੱਟੀ ਦਾ।

ਕਿਸੇ ਮਰਨੇ ਦੇ ਡਰ ਤੋਂ ਰੋਜ਼ ਹੀ ਜੀਂਦੇ ਨੇ ਮਰ-ਮਰ ਕੇ,
ਜਿਹਨਾਂ ਦੀ ਯਾਦ ਵਿਚ ਛਾਇਆ ਰਹੇ ਸ਼ਮਸ਼ਾਨ ਮਿੱਟੀ ਦਾ।



Academy of the Punjab in North America: http://www.apnaorg.com

## ਗ਼ਜ਼ਲ

ਅਜੇ ਨਾ ਸ਼ਾਂਤ ਕਰ ਮੈਂਨੂੰ, ਅਜੇ ਮੈਂ ਭਟਕਣਾ ਚਾਹੁੰਨਾਂ।
ਜੜ੍ਹਾਂ ਨੂੰ ਖੋਜਣਾ ਚਾਹੁੰਨਾਂ, ਮੈਂ ਖ਼ੁਦ ਨੂੰ ਸਮਝਣਾ ਚਾਹੁੰਨਾਂ।

ਬੜੀ ਜਲਦੀ ਰਹੀ ਮਨ ਵਿਚ, ਕਦੋਂ ਹੋਵੇਗੀ ਸਰ ਮੰਜ਼ਿਲ,
ਮੈਂ ਹੁਣ ਮੰਜ਼ਿਲ 'ਤੇ ਪੁੱਜ ਕੇ, ਮੁੜ ਥਲਾਂ ਵਿਚ ਉਲਝਣਾ ਚਾਹੁੰਨਾਂ।

ਜੋ ਡਿਗਦਾ ਵੇਖਿਆ ਬੱਚੇ ਦੀ ਅੱਖ 'ਚੋਂ ਨੀਰ ਦਾ ਤੁਪਕਾ,
ਮੈਂ ਉਸ ਦੀ ਸਾਂਭ ਖ਼ਾਤਿਰ ਜ਼ਿੰਦਗ਼ੀ ਨੂੰ ਵਰਤਣਾ ਚਾਹੁੰਨਾਂ।

ਫ਼ਕੀਰਾ! ਦੇ ਜ਼ਰਾ ਵਿਸਤਾਰ ਹੁਣ ਤੂੰ ਹੋਂਦ ਨੂੰ ਮੇਰੀ,
ਮੈਂ ਆਪਣੀ ਉਮਰ ਦੀ ਸਾਰੀ ਕਮਾਈ ਖਰਚਣਾ ਚਾਹੁੰਨਾਂ।

ਬੜਾ ਮਸ਼ਹੂਰ ਹੈ ਸੁਣਿਐ ਸਿਤਮ ਉਸਦਾ, ਮਗਰ ਫ਼ਿਰ ਵੀ,
ਮੈਂ ਉਸਦਾ ਹੋ ਕੇ ਆਪਣੇ ਹੌਂਸਲੇ ਨੂੰ ਪਰਖਣਾ ਚਾਹੁੰਨਾਂ।

ਤੇ ਫਿਰ ਅਰਜੁਨ ਨੇ ਛੱਡਿਆ ਤੀਰ, ਅੱਖ ਮੱਛੀ ਦੀ ਵਿੰਨ੍ਹ ਦਿੱਤੀ,
ਕਹਾਣੀ ਤੁਰ ਰਹੀ ਹੈ, ਪਰ ਮੈਂ ਉਥੇ ਅਟਕਣਾ ਚਾਹੁੰਨਾਂ।



Academy of the Punjab in North America: http://www.apnaorg.com

## ਗ਼ਜ਼ਲ

ਤਿਰੇ ਹੋਠਾਂ ਤੋਂ ਲਾਲੀ ਲੈ ਕੇ ਸੂਰਜ ਦਗ਼ ਰਿਹਾ ਜਾਪੇ,
ਤਿਰੇ ਨੈਣਾਂ ਤੋਂ ਪਾਣੀ ਲੈ ਕੇ ਸਾਗਰ ਛਟਪਟਾਉਂਦਾ ਹੈ।
ਤਿਰੀ ਮੁਸਕਾਨ ਜਦ ਵੇਖੇ, ਘਟਾ ਵੀ ਚੜ੍ਹ ਕੇ ਆਉਂਦੀ ਹੈ,
ਤਿਰੇ ਕਦਮਾਂ ਦੀ ਆਹਟ 'ਤੇ ਮਿਰਾ ਮਨ ਡਗਮਗਾਉਂਦਾ ਹੈ।

ਉਹ ਮੇਰੇ ਕੋਲ ਹੋ ਕੇ ਵੀ ਤੇ ਮੈਥੋਂ ਦੂਰ ਹੋ ਕੇ ਵੀ,
ਹੈ ਰਹਿੰਦਾ ਨਾਲ ਮੇਰੇ ਤੇ ਮਿਰੇ ਅੰਦਰ ਧੜਕਦਾ ਹੈ,
ਉਦਾਸੀ ਓਸ ਦੀ ਨੂੰ ਜ਼ਰਬ ਦੇ ਕੇ ਮੈਂ ਤੜਪ ਉੱਠਦਾਂ,
ਉਦ੍ਹੇ ਚਿਹਰੇ 'ਤੇ ਰੌਣਕ ਦੇਖ ਕੇ ਮਨ ਮੁਸਕੁਰਾਉਂਦਾ ਹੈ।

ਕਦੇ ਬਿਰਹਣ, ਕਦੇ ਭਟਕਣ, ਕਦੇ ਦੁਬਿਧਾ, ਕਦੇ ਉਲਝਣ,
ਕਦੇ ਜੁਗਨੂੰ, ਕਦੇ ਦੀਵਾ, ਕਦੇ ਅੱਖਰ, ਕਦੇ ਨਗ਼ਮਾ,
ਉਹ ਕੀ-ਕੀ ਰੂਪ ਲੈ ਕੇ ਮੇਰਿਆਂ ਸਾਹਾਂ 'ਚ ਵਸਦਾ ਹੈ,
ਕਦੇ ਰਸਤੇ 'ਚ ਖੜ੍ਹ ਜਾਂਦੈ, ਕਦੇ ਰਸਤਾ ਦਿਖਾਉਂਦਾ ਹੈ।

ਇਹ ਕੀ ਕੁਝ ਹੋ ਰਿਹੈ ਉਦਯੋਗ ਦੇ ਨਾਂ 'ਤੇ ਸ਼ਹਿਰ ਅੰਦਰ,
ਜਿਊਂਦੇ ਬੰਦਿਆਂ ਅੰਦਰ ਇਹ ਮੁਰਦਾ-ਘਾਟ ਕੇਹੇ ਨੇ,
ਬਿਰਖ਼ ਤੋਂ ਝੜ ਗਏ ਪੱਤੇ, ਹਵਾ 'ਚੋਂ ਮਰ ਗਈ ਖ਼ੁਸ਼ਬੂ,
ਅਜਿਹੇ ਮੌਸਮਾਂ ਵਿਚ ਕੌਣ ਹੈ ਜੋ ਗੀਤ ਗਾਉਂਦਾ ਹੈ!



Academy of the Punjab in North America: http://www.apnaorg.com

ਬੜਾ ਕੁੱਝ ਟੁੱਟਦੈ, ਜੁੜਦੈ ਬੜਾ ਕੁਝ ਜਿਸਦੇ ਆਖੇ ’ਤੇ,
ਜੁ ਫਿਰਦੈ ਛਾਣਦਾ ਖ਼ੂਹ ਤੇਲ ਵਾਲੇ ਕੁੱਲ ਦੁਨੀਆਂ ਦੇ,
ਕਦੇ ਆਪਣੇ ਉਹ ਸਾਹਵੇਂ ਹੋ ਕੇ ਵੇਖੇ ਤਾਂ ਨਜ਼ਰ ਆਵੇ,
ਉਦ੍ਹੇ ਅੰਦਰ ਵੀ ਹੈ ਕੁਝ ਧੜਕਦਾ, ਕੁਝ ਫੜਫੜਾਉਂਦਾ ਹੈ।

ਹਨੇਰੀ ਰਾਤ ਹੈ, ਤੂਫ਼ਾਨ ਹੈ, ਸੁੰਨਸਾਨ ਚਹੁੰ ਪਾਸੀਂ,
ਕੋਈ ਦੀਵਾ ਨਹੀਂ, ਰੌਸ਼ਨ ਕਰੇ ਜੋ ਰਸਤਿਆਂ ਤਾਈਂ,
ਸਹਿਮ ਨੇ ਹਿਰਦਿਆਂ ਅੰਦਰ ਘਣੇ ਡੇਰੇ ਜਮਾਏ ਨੇ,
ਅਜਿਹੇ ਵਿਚ ਵੀ ਜੁਗਨੂੰ ਇਕੱਲਾ ਟਿਮਟਿਮਾਉਂਦਾ ਹੈ।



Academy of the Punjab in North America: http://www.apnaorg.com

## ਗ਼ਜ਼ਲ

ਘਰਾਂ ਵਿਚ ਜੀਣ ਦੇ ਐਸੇ ਵੀ ਮੈਂ ਆਯਾਮ ਦੇਖੇ ਨੇ।
ਜ਼ੁਬਾਂ 'ਤੇ ਬੋਲ ਮਿੱਠੇ, ਮਨ ਦੇ ਵਿਚ ਕੋਹਰਾਮ ਦੇਖੇ ਨੇ।

ਜੋ ਦਿਸਦੇ ਸਾਬਤੇ ਪਰ ਅੰਦਰੋਂ ਟੁੱਟਦੇ ਰਹਿਣ ਪਲ-ਪਲ,
ਮਨੁਖ ਐਸੇ ਤੇ ਐਸੇ ਘਰ, ਸ਼ਹਿਰ ਵਿਚ ਆਮ ਦੇਖੇ ਨੇ।

ਬਿਰਖ਼ ਉੱਤੇ ਬਣਾਇਆ ਆਲ੍ਹਣਾ ਬੋਟਾਂ ਲਈ ਉਸਨੇ,
ਤਾਂ ਪੰਛੀ 'ਤੇ ਲਕੜਹਾਰੇ ਦੇ ਸੌ ਇਲਜ਼ਾਮ ਦੇਖੇ ਨੇ।

ਨਵੀਂ ਬਸਤੀ, ਨਵਾਂ ਰਸਤਾ, ਨਵਾਂ ਜੰਗਲ, ਨਵਾਂ ਸਭ ਕੁਝ,
ਜਦੋਂ ਲੱਭੇ ਤਾਂ ਲਿਖੇ ਤਾਜਰਾਂ ਦੇ ਨਾਮ ਦੇਖੇ ਨੇ।

ਹਨੇਰੇ ਨੂੰ ਉਜਾਲਾ ਕਹਿਣ ਦੀ ਤੇਰੀ ਸਿਆਸਤ ਦੇ,
ਚੁਫੇਰੇ ਨ੍ਹੇਰਗਰਦੀ ਵਿਚ ਹੀ ਅੰਜਾਮ ਦੇਖੇ ਨੇ।

ਜਦੋਂ ਵੀ ਚੁੱਕਦੇ ਹਥਿਆਰ ਲੁੱਟੀਆਂ ਕਸ਼ਤੀਆਂ ਵਾਲੇ,
ਲੁਟੇਰੇ ਸ਼ਾਂਤੀ ਦਾ ਦੇ ਰਹੇ ਪੈਗ਼ਾਮ ਦੇਖੇ ਨੇ।



Academy of the Punjab in North America: http://www.apnaorg.com

## ਗ਼ਜ਼ਲ

ਇਹ ਭਰਦਾ ਕੌਣ ਹੈ ਹਉਕੇ, ਇਹ ਕਿਸਨੇ 'ਵਾਜ ਮਾਰੀ ਹੈ।
ਹੈ ਕੋਈ ਤੜਪਦਾ ਬਾਹਰ ਜਾਂ ਅੰਦਰ ਬੇਕਰਾਰੀ ਹੈ।

ਵਸਲ ਦੇ ਦੌਰ ਵਿਚ ਜੋ ਰਾਤ ਹੈ ਪਲ-ਭਰ ਦੀ ਹੋ ਜਾਂਦੀ,
ਵਿਛੜ ਕੇ ਹੀ ਪਤਾ ਚਲਦਾ, ਉਹ ਕਿੰਨੀ ਰਾਤ ਭਾਰੀ ਹੈ।

ਉਹ ਆ ਕੇ ਖੇਤ ਵਿਚ ਇਉਂ ਝੂਮਦੈ ਤੇ ਮਚਲਦੈ ਪਾਣੀ,
ਜਿਵੇਂ ਮਿੱਟੀ ਦੇ ਪੁੱਤ ਨੂੰ ਮਾਂ ਦੇ ਮਿਲਣੇ ਦੀ ਖ਼ੁਮਾਰੀ ਹੈ।

ਮਿਰੀ ਸਰਦਲ ਤੋਂ ਮੁੜ ਜਾਂਦੀ ਜੋ ਲੌ ਚੁਪਚਾਪ ਹਰ ਵਾਰੀ,
ਉਸੇ ਨੂੰ ਪਾਉਣ ਖ਼ਾਤਿਰ ਨ੍ਹੇਰਿਆਂ ਨਾ' ਜੰਗ ਜਾਰੀ ਹੈ।

ਇਹ ਜਿਸ ਕਿਰਤੀ ਦਾ ਸਿਰ ਕੱਟਣ ਨੂੰ ਪੱਬਾਂ ਭਾਰ ਹੈ ਹੋਈ,
ਉਸੇ ਕਿਰਤੀ ਦੇ ਸਿਰ 'ਤੇ ਘੁੰਮਦੀ ਮੰਡੀ ਇਹ ਸਾਰੀ ਹੈ।

ਇਹ ਸਾਰੇ ਬੋਲ ਸਾਡੇ, ਸੁਰ ਵੀ ਸਾਡੇ, ਨਾਚ ਵੀ ਸਾਡੇ,
ਮਗਰ ਫ਼ਿਰ ਵੀ ਉਹਨਾਂ ਦੇ ਨਾਂ 'ਤੇ ਹੁੰਦੀ ਪੇਸ਼ਕਾਰੀ ਹੈ।



Academy of the Punjab in North America: http://www.apnaorg.com

## ਗ਼ਜ਼ਲ

ਤੂੰ ਪੌਣ ਬਣ ਵਗੇਂ ਜੇ, ਮੈਂ ਬਿਰਖ਼ ਵਾਂਗ ਝੂਮਾਂ,
ਤੇਰੇ ਗੀਤ ਮੇਰੀ ਥਿਰਕਣ, ਹੋਵੇ ਅਜਬ ਨਜ਼ਾਰਾ।
ਤੇਰੀ ਹੋਂਦ ਨੂੰ ਮੈਂ ਮਾਣਾਂ, ਮੇਰੇ ਹੋਣ ਨੂੰ ਤੂੰ ਜਾਣੇਂ,
ਦੋ ਜਿੰਦਾਂ ਇੱਕ ਹੋਵਣ, ਹੋਵੇ ਅਜਬ ਨਜ਼ਾਰਾ।

ਦਰਿਆ ਦੀ ਪਿਆਸ ਡਾਢੀ, ਧਰਤੀ ਉਦਾਸ ਡਾਢੀ,
ਐਸੇ ਵੀ ਮੌਸਮਾਂ ਵਿਚ, ਜੀਵਨ ਦੀ ਆਸ ਡਾਢੀ,
ਲੰਘ ਪੰਧ ਪਰਬਤਾਂ ਦਾ, ਥਲ ਨੂੰ ਮਿਲਣ ਦੀ ਖ਼ਾਤਿਰ,
ਦਰਿਆ ਜੇ ਚੱਲ ਕੇ ਆਵਣ, ਹੋਵੇ ਅਜਬ ਨਜ਼ਾਰਾ।

ਧਰਤੀ ਦੀ ਥਾਹ ਪਾਵੇ, ਪਰਬਤ ਵੀ ਗਾਹ ਆਵੇ,
ਬੰਦੇ ਦੀ ਭਟਕਣਾ ਪਰ, ਫ਼ਿਰ ਵੀ ਨਾ ਸ਼ਾਂਤ ਹੁੰਦੀ,
ਆਪਣੇ 'ਚ ਉਤਰ ਜਾਵੇ, ਖ਼ੁਦ ਨੂੰ ਜੇ ਸਮਝ ਪਾਵੇ,
ਤਾਂ ਮੁੱਕ ਜਾਂਦੀ ਭਟਕਣ, ਹੋਵੇ ਅਜਬ ਨਜ਼ਾਰਾ।

ਕਿਨ੍ਹਾਂ ਸਾਗਰਾਂ ਦਾ ਪਾਣੀ, ਨੈਣਾਂ 'ਚ ਆ ਕੇ ਵਸਿਆ,
ਭਰ-ਭਰ ਕੇ ਨੈਣ ਛਲਕੇ, ਰੋਇਆ ਜਾਂ ਬੰਦਾ ਹਸਿਆ,
ਸੈਆਂ ਵਿਛੋੜੇ ਵੇਖੇ, ਹੁਣ ਅੰਤ ਮੇਲ ਹੋਵੇ,
ਭਰ-ਭਰ ਕੇ ਨੈਣ ਛਲਕਣ, ਹੋਵੇ ਅਜਬ ਨਜ਼ਾਰਾ।



Academy of the Punjab in North America: http://www.apnaorg.com

ਜਿਹਨਾਂ ਨੇ ਰਬ ਦੇ ਨਾਂ 'ਤੇ, ਆਪਣੇ ਵਿਛਾਏ ਪੱਤੇ,
ਅੰਤਰਮੁਖੀ ਸਫ਼ਰ ਦਾ, ਉਹਨਾਂ ਨੂੰ ਕੀ ਪਤਾ ਹੈ,
ਸਹਿ-ਹੋਂਦ ਦਾ ਜੇ ਮੰਤਰ, ਉਹਨਾਂ ਦੀ ਸਮਝ ਆਵੇ,
ਮਿਟ ਜਾਣ ਸਾਰੇ ਕੱਜਣ, ਹੋਵੇ ਅਜਬ ਨਜ਼ਾਰਾ।

ਕਦਮਾਂ ਦੀ ਚਾਪ ਤੇਰੇ, ਮੈਂ ਚਿਰ ਤੋਂ ਸੁਣ ਰਿਹਾ ਹਾਂ,
ਵਸਲਾਂ ਦੇ ਪਲ ਨੇ ਨੇੜੇ, ਸੁਪਨੇ ਮੈਂ ਬੁਣ ਰਿਹਾ ਹਾਂ,
ਪਲਕਾਂ ਦੇ ਬੂਹੇ ਖੁੱਲ੍ਹਣ, ਤਾਂ ਸਾਹਮਣੇ ਤੂੰ ਹੋਵੇਂ,
ਮਸਤੀ 'ਚ ਪੌਣਾਂ ਝੂੰਮਣ, ਹੋਵੇ ਅਜਬ ਨਜ਼ਾਰਾ।



Academy of the Punjab in North America: http://www.apnaorg.com

## ਬੈਕ ਪੇਜ਼

ਝੜ ਰਹੇ ਨੇ ਬਿਰਖ਼ਾਂ ਦੇ ਪੱਤੇ
ਬਿਖਰ ਰਹੇ ਹਨ ਏਧਰ-ਉਧਰ
ਸੁੱਕ ਕੇ ਪੀਲੇ ਹੋਏ ਪੱਤੇ
ਝੜ ਰਹੇ ਨੇ ਬਿਰਖ਼ਾਂ ਤੋਂ

ਪੱਤੇ ਹੂੰਝਦਾ
ਸਾਹੋ-ਸਾਹ ਹੋਇਆ ਪਿਆ ਹੈ ਮਾਲੀ
ਪੰਡ ਭਰਦਾ
ਟੋਏ ਵਿਚ ਸੁੱਟ ਆਉਂਦਾ
ਫ਼ਿਰ ਹੂੰਝਣ ਲੱਗਦਾ
ਬਿਖਰੇ ਹੋਏ ਪੱਤੇ
ਸਾਹੋ-ਸਾਹ ਹੋਇਆ ਮਾਲੀ

ਅੱਖਾਂ ਮੀਚੀਂ ਬੈਠਾ ਸਾਧੂ
ਸਮਾਧੀ ਵਿਚ ਹੀ
ਮੰਦ-ਮੰਦ ਮੁਸਕਾਉਂਦਾ
ਹਵਾ ਦੀ ਤੇਜ਼ੀ
ਝੜ ਰਹੇ ਪੱਤਿਆਂ ਦੀ ਮਹਿਕ
ਪੱਤੇ ਹੂੰਝਦੇ ਮਾਲੀ ਦੀ ਬਿੜਕ
ਸਭ ਕੁਝ ਵਾਪਰਦਾ
ਸਾਧੂ ਦੇ ਨੇੜੇ ਨੇੜੇ
ਅੱਖਾਂ ਮੀਚੀਂ ਮੰਦ-ਮੰਦ ਮੁਸਕਾਉਂਦਾ
ਸਮਾਧੀ ਵਿਚ ਲੀਨ ਸਾਧੂ

ਪੱਤੇ ਬਿਖਰਦੇ
ਮਾਲੀ ਹੂੰਝਦਾ
ਸਾਧੂ ਸਮਾਧੀ ਵਿਚ ਲੀਨ

ਕਵੀ ਨੂੰ ਇਉਂ ਵੀ ਮਿਲਦੀ ਹੈ ਕਵਿਤਾ



Academy of the Punjab in North America: http://www.apnaorg.com